ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬਤ ਦਾ ਭਲਾ

# ਚੜ੍ਹਦੀਕਲਾ ***

DAILY CHARHDIKALA, PATIALA

ਰਜਿਸਟਰਡ ਪੋਸਟਲ ਰਜਿ: ਨੰ.
Pb/PTA(0274)/2024-26,
ਸਾਲ (Year) 58
ਅੰਕ ਨੰਬਰ (Volume No.) 118
ਫ਼ੋਨ: +91- 92168-07500
E-mail: news@charhdikala.com
www.charhdikala.com

ਬਾਨੀ : (ਸਵ.) ਗਿ. ਹਰਨਾਮ ਸਿੰਘ ਜੀ | ਮੁੱਖ ਸੰਪਾਦਕ : ਡਾ. ਜਗਜੀਤ ਸਿੰਘ ਦਰਦੀ | ਸੰਪਾਦਕ : ਹਰਪ੍ਰੀਤ ਸਿੰਘ ਦਰਦੀ

ਕੁੱਲ ਪੰਨੇ: 12 (Thursday, 30 April, 2026) ਵੀਰਵਾਰ, 30 ਅਪ੍ਰੈਲ, 2026, 17 ਵੈਸਾਖ, ਨਾਨਕਸ਼ਾਹੀ ਸੰਮਤ 558, ਬਿਕ੍ਰਮੀ 2083/ PRGI (RNI) Regd. No. 22972/1972/ ਮੁੱਲ: 2 ਰੁਪਏ

ਅਦਾਰਾ
ਚੜ੍ਹਦੀਕਲਾ
ਵੱਲੋਂ
ਸ੍ਰੀ ਗੁਰੂ ਅਮਰ ਦਾਸ ਜੀ ਦੇ
ਪ੍ਰਕਾਸ਼ ਪੁਰਬ ਦੀਆਂ
ਲੱਖ-ਲੱਖ ਵਧਾਈਆਂ

## ਸੱਤ ਸਾਂਸਦਾਂ ਵੱਲੋਂ ਪਾਰਟੀ ਬਦਲਣ ਸਬੰਧੀ ਰਾਸ਼ਟਰਪਤੀ ਨਾਲ 5 ਨੂੰ ਮੁਲਾਕਾਤ ਕਰਨਗੇ ਮਾਨ

### ਲੋਕਾਂ ਦੇ ਫ਼ਤਵੇ ਨਾਲ ਕੀਤੇ ਵਿਸ਼ਵਾਸਘਾਤ ਦਾ ਚੁੱਕਣਗੇ ਮੁੱਦਾ

ਅੰਮ੍ਰਿਤਪਾਲ ਸਿੰਘ

================



ਚੰਡੀਗੜ੍ਹ, 29 ਅਪ੍ਰੈਲ:ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਕਿਹਾ ਕਿ ਉਨ੍ਹਾਂ ਵੱਲੋਂ 5 ਮਈ ਨੂੰ ਭਾਰਤ ਦੇ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨਾਲ ਮੁਲਾਕਾਤ ਕੀਤੀ ਜਾਵੇਗੀ ਅਤੇ ਸੱਤ ਰਾਜ ਸਭਾ ਮੈਂਬਰਾਂ, ਜਿਨ੍ਹਾਂ ਵਿੱਚ ਪੰਜਾਬ ਦੇ 6 ਮੈਂਬਰ ਵੀ ਸ਼ਾਮਲ ਹਨ, ਵੱਲੋਂ ਗੈਰ-ਕਾਨੂੰਨੀ ਢੰਗ ਨਾਲ ਪਾਰਟੀ ਬਦਲਣ ਦਾ ਮੁੱਦਾ ਉਠਾਇਆ ਜਾਵੇਗਾ। ਉਨ੍ਹਾਂ ਨੇ ਕਿਹਾ ਕਿ ਅਜਿਹੀਆਂ ਕਾਰਵਾਈਆਂ ਲੋਕਾਂ ਦੇ ਫਤਵੇ ਨਾਲ ਵਿਸ਼ਵਾਸਘਾਤ ਦੇ ਬਰਾਬਰ ਹਨ।

ਸੋਮਵਾਰ ਨੂੰ ਇੱਕ ਪ੍ਰੈਸ ਕਾਨਫਰੰਸ ਦੌਰਾਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਸਾਨੂੰ ਰਾਸ਼ਟਰਪਤੀ ਭਵਨ ਤੋਂ ਪੁਸ਼ਟੀ ਹੋ ਗਈ ਹੈ ਅਤੇ 5 ਮਈ ਨੂੰ ਅਸੀਂ ਭਾਰਤ ਦੇ ਰਾਸ਼ਟਰਪਤੀ ਨਾਲ ਮੁਲਾਕਾਤ ਕਰਕੇ ਸੱਤ ਸੰਸਦ ਮੈਂਬਰਾਂ, ਜਿਨ੍ਹਾਂ ਵਿੱਚ ਪੰਜਾਬ ਦੇ ਛੇ ਮੈਂਬਰ ਵੀ ਸ਼ਾਮਲ ਹਨ, ਵੱਲੋਂ ਗੈਰ-ਕਾਨੂੰਨੀ ਢੰਗ ਨਾਲ ਪਾਰਟੀ ਬਦਲਣ ਦਾ ਮੁੱਦਾ ਉਠਾਵਾਂਗੇ। ਇਹ ਸੰਸਦ ਮੈਂਬਰ ਜਿਨ੍ਹਾਂ ਨੇ ਲੋਕਾਂ ਦੇ ਫਤਵੇ ਨਾਲ ਵਿਸ਼ਵਾਸਘਾਤ ਕੀਤਾ ਹੈ, ਕਿਸੇ ਵੀ ਰਹਿਮ ਦੇ ਹੱਕਦਾਰ ਨਹੀਂ ਹਨ ਕਿਉਂਕਿ ਉਹ ਪੰਜਾਬ ਅਤੇ ਪੰਜਾਬੀਆਂ

(ਬਾਕੀ ਸਫਾ 2 'ਤੇ)

## 'ਆਸਟ੍ਰੇਲੀਆ ਨੇ 11 ਪੰਜਾਬੀਆਂ ਸਮੇਤ 15 ਭਾਰਤੀਆਂ ਨੂੰ ਵਾਪਸ ਦੇਸ਼ ਭੇਜਿਆ'

ਚੰਡੀਗੜ੍ਹ, 29 ਅਪ੍ਰੈਲ (ਅੰਮ੍ਰਿਤਪਾਲ ਸਿੰਘ): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਇਕ ਪ੍ਰੈਸ ਕਾਨਫ਼ਰੰਸ ਦੌਰਾਨ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਅੱਜ ਆਸਟ੍ਰੇਲੀਆ ਤੋਂ ਡਿਪੋਰਟ ਕੀਤੇ ਜਾਣ ਤੋਂ ਬਾਅਦ 11 ਪੰਜਾਬੀ ਭਾਰਤ ਆ ਰਹੇ ਹਨ। ਇਨ੍ਹਾਂ ਵਿਚ ਇਕ ਔਰਤ ਵੀ ਸ਼ਾਮਲ ਹੈ। ਉਨ੍ਹਾਂ ਕਿਹਾ ਕਿ ਉਹ ਅੱਜ ਦਿੱਲੀ ਵਿਚ ਉਨ੍ਹਾਂ ਨੂੰ ਲੈਣ ਜਾ ਰਹੇ ਹਨ। ਮੁੱਖ ਮੰਤਰੀ ਨੇ ਦੱਸਿਆ ਕਿ ਹੁਣ ਤੱਕ ਪ੍ਰਾਪਤ ਸੂਚੀ ਵਿਚ ਸਿਰਫ਼ ਉਨ੍ਹਾਂ ਦੇ ਗ੍ਰਹਿ ਰਾਜ ਪੰਜਾਬ ਨੂੰ ਹੀ ਦਰਜ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਕੁੱਲ 15 ਲੋਕ ਹਨ। ਇਨ੍ਹਾਂ ਵਿਚੋਂ ਦੋ ਤੇਲੰਗਾਨਾ ਤੋਂ, ਇਕ ਹਰਿਆਣਾ ਤੋਂ ਅਤੇ ਦੋ ਉੱਤਰਾਖੰਡ ਤੋਂ ਹਨ। ਉਨ੍ਹਾਂ ਕਿਹਾ ਕਿ

(ਬਾਕੀ ਸਫਾ 2 'ਤੇ)

### ਵਿਧਾਨ ਸਭਾ ਚੋਣਾਂ-2026

## ਬੰਗਾਲ 'ਚ ਦੂਜੇ ਪੜਾਅ ਦੌਰਾਨ 91.41 ਫ਼ੀਸਦੀ ਪੋਲਿੰਗ

ਚੜ੍ਹਦੀਕਲਾ ਬਿਊਰੋ

================



ਨਵੀਂ ਦਿੱਲੀ, ਕੋਲਕਾਤਾ, 29 ਅਪ੍ਰੈਲ : ਪੱਛਮੀ ਬੰਗਾਲ ਵਿਧਾਨ ਸਭਾ ਚੋਣਾਂ ਦੇ ਦੂਜੇ ਪੜਾਅ ਵਿੱਚ ਵੋਟਰਾਂ ਦੀ ਭਾਰੀ ਸ਼ਮੂਲੀਅਤ ਦਰਜ ਕੀਤੀ ਗਈ ਹੈ। ਚੋਣ ਕਮਿਸ਼ਨ ਦੇ ਅੰਕੜਿਆਂ ਅਨੁਸਾਰ ਇਸ ਦੌਰਾਨ ਕੁੱਲ 91.41 ਫ਼ੀਸਦੀ ਵੋਟਿੰਗ ਹੋਈ ਜਦ ਕਿ 5 ਵਜੇ ਤੱਕ 89.99 ਫ਼ੀਸਦੀ ਵੋਟਾਂ ਦਾ ਭੁਗਤਾਨ ਹੋਇਆ ਸੀ।

ਜ਼ਿਲ੍ਹੇਵਾਰ ਅੰਕੜਿਆਂ ਅਨੁਸਾਰ ਪੂਰਬਾ ਬਰਧਮਾਨ 92.46 ਫੀਸਦੀ ਵੋਟਿੰਗ ਨਾਲ ਸਭ ਤੋਂ ਅੱਗੇ ਰਿਹਾ, ਜਿਸ ਤੋਂ ਬਾਅਦ ਹੁਗਲੀ 90.34 ਫੀਸਦੀ, ਨਾਦੀਆ 90.28 ਫੀਸਦੀ, ਹਾਵੜਾ 89.44 ਫੀਸਦੀ ਅਤੇ ਉੱਤਰੀ 24 ਪਰਗਨਾ ਦਾ ਨੰਬਰ ਆਉਂਦਾ ਹੈ। ਦੱਖਣੀ 24 ਪਰਗਨਾ ਵਿੱਚ ਵੀ ਜ਼ੋਰਦਾਰ ਸ਼ਮੂਲੀਅਤ ਦੇਖਣ ਨੂੰ ਮਿਲੀ, ਜਿੱਥੇ ਇਸਦੇ ਹਿੱਸਿਆਂ ਵਿੱਚ 89.74 ਫੀਸਦੀ ਅਤੇ 89.57 ਫੀਸਦੀ ਵੋਟਿੰਗ ਦਰਜ ਕੀਤੀ ਗਈ।

ਉੱਤਰੀ 24 ਪਰਗਨਾ ਵਿੱਚ ਅਰਵਿੰਦ ਕੇਜਰੀਵਾਲ ਦੀ ਰੈਲੀ ਵਿੱਚ ਟੀਐਮਸੀ ਅਤੇ ਭਾਜਪਾ ਵਰਕਰਾਂ ਵਿਚਕਾਰ ਹਿੰਸਕ ਝੜਪ ਹੋ ਗਈ। ਦੋਵਾਂ ਪਾਰਟੀਆਂ ਦੇ ਵਰਕਰਾਂ ਨੇ ਇੱਕ ਦੂਜੇ ਦਾ ਪਿੱਛਾ ਕੀਤਾ, ਮੁੱਕੇ ਮਾਰੇ ਅਤੇ ਡੰਡਿਆਂ ਨਾਲ ਹਮਲਾ ਕੀਤਾ। ਵੱਡੀ ਗਿਣਤੀ ਵਿੱਚ ਸੁਰੱਖਿਆ ਬਲਾਂ ਦੀ ਮੌਜੂਦਗੀ ਦੇ ਬਾਵਜੂਦ, ਸਥਿਤੀ ਕਾਬੂ ਤੋਂ ਬਾਹਰ ਜਾਪਦੀ ਸੀ।ਸੀਐਮ ਮਮਤਾ ਬੈਨਰਜੀ ਨੇ ਸੀਆਰਪੀਐਫ 'ਤੇ ਟੀਐਮਸੀ ਸਮਰਥਕਾਂ ਅਤੇ ਵੋਟਰਾਂ 'ਤੇ ਹਮਲਾ ਕਰਨ ਦਾ ਦੋਸ਼ ਲਗਾਇਆ। ਮਮਤਾ ਨੇ ਕਿਹਾ ਕਿ ਸੀਆਰਪੀਐਫ ਨੇ ਸਾਡੇ ਬਹੁਤ ਸਾਰੇ ਲੋਕਾਂ ਨੂੰ ਗ੍ਰਿਫਤਾਰ ਕੀਤਾ ਹੈ। ਵੋਟਰ ਅਤੇ ਕੇਂਦਰੀ ਨਿਗਰਾਨ ਲੋਕਾਂ ਨੂੰ ਕੁੱਟ ਰਹੇ ਸਨ। ਔਰਤਾਂ ਅਤੇ ਬੱਚਿਆਂ ਨੂੰ ਵੀ ਨਹੀਂ ਬਖਸ਼ਿਆ ਗਿਆ।ਟੀਐਮਸੀ ਨੇ ਦੋਸ਼ ਲਗਾਇਆ ਕਿ ਸੀਆਰਪੀਐਫ ਹਮਲੇ ਕਾਰਨ ਹਾਵੜਾ ਦੇ ਉਦੇਨਾਰਾਇਣਪੁਰ ਵਿੱਚ ਇੱਕ ਬਜ਼ੁਰਗ ਵਿਅਕਤੀ ਦੀ ਮੌਤ ਹੋ ਗਈ। ਟੀਐਮਸੀ ਦੇ ਜਨਰਲ ਸਕੱਤਰ ਅਭਿਸ਼ੇਕ ਬੈਨਰਜੀ ਨੇ

ਦਾਅਵਾ ਕੀਤਾ ਕਿ ਬਜ਼ੁਰਗ ਵਿਅਕਤੀ ਆਪਣੇ ਪੁੱਤਰ ਨਾਲ ਵੋਟ ਪਾਉਣ ਗਿਆ ਸੀ। ਕੇਂਦਰੀ ਬਲਾਂ ਨੇ ਉਸ 'ਤੇ ਧੱਕਾ ਮਾਰਿਆ ਅਤੇ ਹਮਲਾ ਕੀਤਾ। ਬਜ਼ੁਰਗ ਵਿਅਕਤੀ ਨੂੰ ਹਸਪਤਾਲ ਲਿਜਾਇਆ ਗਿਆ ਜਿੱਥੇ ਉਸਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਵੋਟਾਂ ਦੀ ਅਸਧਾਰਨ ਤੌਰ 'ਤੇ ਉੱਚੀ ਪ੍ਰਤੀਸ਼ਤਤਾ

(ਬਾਕੀ ਸਫਾ 2 'ਤੇ)

### ਐਗਜ਼ਿਟ ਪੋਲ-2026

## ਆਸਾਮ 'ਚ ਭਾਜਪਾ ਦਾ ਦਬਦਬਾ, ਕੇਰਲਾ 'ਚ ਐਲ.ਡੀ.ਐਫ. ਦੀ ਵਾਪਸੀ ਅਤੇ ਬੰਗਾਲ-ਤਾਮਿਲਨਾਡੂ 'ਚ ਫਸਵੇਂ ਮੁਕਾਬਲੇ ਦੀ ਪੇਸ਼ੀਨਗੋਈ

ਚੜ੍ਹਦੀਕਲਾ ਬਿਊਰੋ

================

ਨਵੀਂ ਦਿੱਲੀ, 29 ਅਪ੍ਰੈਲ :ਦੇਸ਼ ਦੇ ਪੰਜ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਦੀ ਵੋਟਿੰਗ ਪ੍ਰਕਿਰਿਆ ਮੁਕੰਮਲ ਹੋਣ ਤੋਂ ਬਾਅਦ ਹੁਣ ਵੱਖ-ਵੱਖ ਏਜੰਸੀਆਂ ਦੇ ਐਗਜ਼ਿਟ ਪੋਲ ਦੇ ਅੰਕੜੇ ਸਾਹਮਣੇ ਆਉਣੇ ਸ਼ੁਰੂ ਹੋ ਗਏ ਹਨ। ਆਸਾਮ ਵਿੱਚ 'ਐਕਸਿਸ ਮਾਈ ਇੰਡੀਆ' ਨੇ ਭਾਜਪਾ ਦੀ ਵੱਡੀ ਜਿੱਤ ਦੀ ਭਵਿੱਖਬਾਣੀ ਕਰਦਿਆਂ ਉਸ ਨੂੰ 88 ਤੋਂ 100 ਸੀਟਾਂ ਮਿਲਣ ਦਾ ਅਨੁਮਾਨ ਲਗਾਇਆ ਹੈ, ਜਦਕਿ ਕਾਂਗਰਸ ਨੂੰ ਮਹਿਜ਼ 24 ਤੋਂ 36 ਸੀਟਾਂ ਮਿਲਦੀਆਂ ਦਿਖਾਈਆਂ ਗਈਆਂ ਹਨ। ਕੇਰਲਾ ਵਿੱਚ 'ਐਕਸਿਸ ਮਾਈ ਇੰਡੀਆ' ਅਤੇ 'ਪੀਪਲਜ਼ ਪਲਸ' ਦੋਵਾਂ ਨੇ ਹੀ ਯੂ.ਡੀ.ਐਫ. ਦੀ ਜਿੱਤ ਦਾ ਸੰਕੇਤ ਦਿੱਤਾ ਹੈ, ਜਿਸ ਵਿੱਚ ਯੂ.ਡੀ.ਐਫ. ਨੂੰ 75-85 ਅਤੇ ਸੱਤਾਧਾਰੀ ਐਲ.ਡੀ.ਐਫ. ਨੂੰ 55-65 ਸੀਟਾਂ ਮਿਲਣ ਦੀ ਉਮੀਦ ਜਤਾਈ ਗਈ ਹੈ। ਪੱਛਮੀ ਬੰਗਾਲ ਦੀ ਗੱਲ ਕਰੀਏ ਤਾਂ 'ਮੈਟ੍ਰਿਜ਼' ਨੇ ਭਾਜਪਾ ਦੀ ਜਿੱਤ ਦੀ ਭਵਿੱਖਬਾਣੀ ਕੀਤੀ ਹੈ, ਹਾਲਾਂਕਿ 'ਪੀਪਲਜ਼ ਪਲਸ' ਅਨੁਸਾਰ ਤ੍ਰਿਣਮੂਲ ਕਾਂਗਰਸ 177-187 ਸੀਟਾਂ ਨਾਲ ਬਹੁਮਤ ਵੱਲ ਵਧ ਰਹੀ ਹੈ ਅਤੇ ਭਾਜਪਾ ਨੂੰ 95-110 ਸੀਟਾਂ ਮਿਲ ਸਕਦੀਆਂ ਹਨ।

(ਬਾਕੀ ਸਫਾ 2 'ਤੇ)

## 'ਆਪ' ਵਿਧਾਇਕ ਜਨਤਾ ਦੇ ਸੰਪਰਕ 'ਚ ਹਨ ਨਾ ਕਿ ਪਾਰਟੀ ਛੱਡ ਚੁੱਕੇ ਸਾਂਸਦਾਂ ਦੇ: ਸਿਸੋਦੀਆ

### 'ਭਾਜਪਾ ਨੂੰ ਕੇਵਲ ਦੇਸ਼ ਤੋੜਨਾ ਅਤੇ ਈ.ਡੀ. ਤੇ ਸੀ.ਬੀ.ਆਈ. ਨੂੰ ਵਰਤਣਾ ਆਉਂਦਾ ਹੈ'

ਚੜ੍ਹਦੀਕਲਾ ਬਿਊਰੋ

================



ਜਲੰਧਰ, 29 ਅਪ੍ਰੈਲ : ਆਮ ਆਦਮੀ ਪਾਰਟੀ ਪੰਜਾਬ ਦੇ ਇੰਚਾਰਜ ਮਨੀਸ਼ ਸਿਸੋਦੀਆ ਨੇ ਅੱਜ ਕਿਹਾ ਕਿ ਪਾਰਟੀ ਦੇ ਵਿਧਾਇਕ ਸਿਰਫ਼ ਜਨਤਾ ਨਾਲ ਜੁੜੇ ਹੋਏ ਹਨ। ਉਨ੍ਹਾਂ ਕਿਹਾ ਕਿ ਵਿਧਾਇਕ ਕਿਸੇ ਵੀ (ਪਾਰਟੀ ਛੱਡ ਚੁੱਕੇ) ਸੰਸਦ ਮੈਂਬਰ ਜਾਂ ਦੂਜੀ ਪਾਰਟੀ ਦੇ ਆਗੂਆਂ ਦੇ ਸੰਪਰਕ ਵਿੱਚ ਨਹੀਂ ਹਨ। ਇਸ ਦੇ ਨਾਲ ਹੀ ਸਿਸੋਦੀਆ ਨੇ ਭਾਜਪਾ 'ਤੇ ਤਿੱਖਾ ਨਿਸ਼ਾਨਾ ਸੇਧਦਿਆਂ ਉਸ ਨੂੰ ਗੱਦਾਰਾਂ ਦੀ ਪਾਰਟੀ ਦੱਸਿਆ ਅਤੇ ਲੋਕਾਂ ਨੂੰ ਭਾਜਪਾ ਦੀਆਂ ਗੱਲਾਂ ਵੱਲ ਧਿਆਨ ਨਾ ਦੇਣ ਦੀ ਸਲਾਹ ਦਿੱਤੀ। ਸਿਸੋਦੀਆ ਨੇ ਇਹ ਟਿੱਪਣੀਆਂ ਜਲੰਧਰ ਵਿੱਚ ਹੋਈ 'ਆਪ' ਦੀ ਵੱਡੀ ਬਲਾਕ ਆਬਜ਼ਰਵਰ ਮੀਟਿੰਗ ਦੌਰਾਨ ਮੀਡੀਆ ਨਾਲ ਗੱਲਬਾਤ ਦੌਰਾਨ ਕੀਤੀਆਂ। ਉਨ੍ਹਾਂ ਦਾ ਇਹ ਬਿਆਨ ਉਦੋਂ ਆਇਆ ਹੈ

(ਬਾਕੀ ਸਫਾ 2 'ਤੇ)

## ਸ਼ੰਭੂ ਰੇਲ ਮਾਰਗ ਧਮਾਕਾ ਮਾਮਲੇ 'ਚ ਗ੍ਰਿਫ਼ਤਾਰ ਵਿਅਕਤੀ 7 ਦਿਨ ਦੇ ਪੁਲਿਸ ਰਿਮਾਂਡ 'ਤੇ

ਪਟਿਆਲਾ, 29 ਅਪ੍ਰੈਲ (ਚ.ਨ.ਸ.): ਬੀਤੇ ਦਿਨੀਂ ਪਟਿਆਲਾ ਪੁਲਿਸ ਵੱਲੋਂ ਸ਼ੰਭੂ ਨੇੜੇ ਰੇਲਵੇ ਟ੍ਰੈਕ 'ਤੇ ਮਾਲ ਗੱਡੀ ਨੂੰ ਉਡਾਉਣ ਦੀ ਸਾਜਿਸ਼ ਅਤੇ ਹੋਏ ਧਮਾਕੇ ਦੇ ਮਾਮਲੇ ਵਿੱਚ ਪਟਿਆਲਾ ਪੁਲਿਸ ਨੇ ਚਾਰ ਮੁਲਜ਼ਮਾਂ ਨੂੰ ਗ੍ਰਿਫਤਾਰ ਕੀਤਾ ਸੀ ਜਿਨ੍ਹਾਂ ਨੂੰ ਕਿ ਅੱਜ ਅਦਾਲਤ ਪੇਸ਼ ਕੀਤਾ ਗਿਆ। ਕੋਰਟ ਵੱਲੋਂ ਚਾਰੋਂ ਮੁਲਜ਼ਮਾਂ ਪ੍ਰਦੀਪ ਸਿੰਘ ਖ਼ਾਲਸਾ, ਕੁਲਵਿੰਦਰ ਸਿੰਘ ਬੱਗਾ, ਸਤਨਾਮ ਸਿੰਘ ਸੱਤਾ ਅਤੇ ਗੁਰਪ੍ਰੀਤ ਸਿੰਘ ਉਰਫ਼ ਗੋਪੀ ਨੂੰ ਪੁੱਛਗਿੱਛ ਲਈ ਸੱਤ ਦਿਨਾਂ ਦੇ ਪੁਲਿਸ ਰਿਮਾਂਡ 'ਤੇ ਭੇਜ ਦਿੱਤਾ ਗਿਆ ਹੈ। ਪੁਲਿਸ ਨੇ ਅਦਾਲਤ ਨੂੰ ਦਲੀਲ ਦਿੱਤੀ ਕਿ ਇਸ ਸਾਜਿਸ਼ ਦੀਆਂ ਤਾਰਾਂ ਕਿੱਥੇ ਜੁੜੀਆਂ ਹਨ ਅਤੇ ਇਸ ਪਿੱਛੇ ਹੋਰ ਕੌਣ ਲੋਕ ਸ਼ਾਮਲ ਹਨ, ਇਸ ਦਾ ਪਤਾ ਲਗਾਉਣ ਲਈ ਮੁਲਜ਼ਮਾਂ ਤੋਂ ਡੂੰਘਾਈ

(ਬਾਕੀ ਸਫਾ 2 'ਤੇ)

## ਪੰਜ ਸੂਬਿਆਂ ਦੀਆਂ ਵਿਧਾਨ ਸਭਾ ਚੋਣਾਂ 'ਚ ਜਿੱਤ ਦੀ ਹੈਟ੍ਰਿਕ ਬਣਾਵੇਗੀ ਭਾਜਪਾ: ਮੋਦੀ

ਚੜ੍ਹਦੀਕਲਾ ਬਿਊਰੋ

================



ਹਰਦੋਈ (ਉੱਤਰ ਪ੍ਰਦੇਸ਼), 29 ਅਪ੍ਰੈਲ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਬੁੱਧਵਾਰ ਨੂੰ ਐਲਾਨ ਕੀਤਾ ਕਿ ਭਾਰਤੀ ਜਨਤਾ ਪਾਰਟੀ (ਭਾਜਪਾ) ਬਿਹਾਰ ਵਿਧਾਨ ਸਭਾ ਚੋਣਾਂ ਵਿੱਚ ਆਪਣੀ ਜਿੱਤ ਦੀ ਲੜੀ ਜਾਰੀ ਰੱਖੇਗੀ ਅਤੇ ਚੱਲ ਰਹੀਆਂ ਪੰਜ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਵਿੱਚ ਜਿੱਤਾਂ ਦੀ ਇਤਿਹਾਸਕ ਹੈਟ੍ਰਿਕ ਹਾਸਲ ਕਰੇਗੀ। ਸ੍ਰੀ ਮੋਦੀ ਨੇ ਇਹ ਬਿਆਨ ਮੇਰਠ ਅਤੇ ਪ੍ਰਯਾਗਰਾਜ ਵਿਚਕਾਰ ਵਿਕਸਤ ਗੰਗਾ ਐਕਸਪ੍ਰੈਸਵੇਅ ਨੂੰ ਰਾਸ਼ਟਰ ਨੂੰ ਸਮਰਪਿਤ ਕਰਨ ਤੋਂ ਬਾਅਦ ਇੱਕ ਜਨਤਕ ਇਕੱਠ ਨੂੰ ਸੰਬੋਧਨ ਕਰਦੇ ਹੋਏ ਦਿੱਤਾ।

ਉਨ੍ਹਾਂ ਕਿਹਾ ਕਿ 4 ਮਈ ਨੂੰ ਐਲਾਨੇ ਗਏ ਪੰਜ ਰਾਜਾਂ ਵਿੱਚ ਇਨ੍ਹਾਂ ਚੋਣਾਂ ਦੇ ਨਤੀਜੇ 'ਵਿਕਸਤ ਭਾਰਤ' ਦੇ ਇਰਾਦੇ ਨੂੰ ਮਜ਼ਬੂਤ ਕਰਨਗੇ ਅਤੇ ਦੇਸ਼ ਦੇ ਵਿਕਾਸ ਵਿੱਚ ਨਵੀਂ ਊਰਜਾ ਭਰ ਦੇਣਗੇ। ਪੀਐੱਮ ਮੋਦੀ ਨੇ ਕਿਹਾ ਕਿ ਕੁਝ ਸਮਾਂ ਪਹਿਲਾਂ ਜਦੋਂ ਬਿਹਾਰ ਵਿੱਚ ਚੋਣਾਂ ਹੋਈਆਂ ਸਨ, ਤਾਂ ਭਾਜਪਾ ਅਤੇ

(ਬਾਕੀ ਸਫਾ 2 'ਤੇ)

## ਪ੍ਰਧਾਨ ਮੰਤਰੀ ਵੱਲੋਂ ਛੇ-ਮਾਰਗੀ ਗੰਗਾ ਐਕਸਪ੍ਰੈਸਵੇਅ ਦਾ ਉਦਘਾਟਨ

ਹਰਦੋਈ, 29 ਅਪ੍ਰੈਲ (ਚ.ਨ.ਸ.):ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਬੁੱਧਵਾਰ ਨੂੰ ਉੱਤਰ ਪ੍ਰਦੇਸ਼ ਦੇ ਹਰਦੋਈ ਜ਼ਿਲ੍ਹੇ ਵਿੱਚ ਲਗਭਗ 36,230 ਕਰੋੜ ਰੁਪਏ ਦੀ ਕੁੱਲ ਲਾਗਤ ਨਾਲ ਬਣੇ ਗੰਗਾ ਐਕਸਪ੍ਰੈਸਵੇਅ ਦਾ ਉਦਘਾਟਨ ਕੀਤਾ। ਇਸ ਮੌਕੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਅਤੇ ਉੱਤਰ ਪ੍ਰਦੇਸ਼ ਭਾਜਪਾ ਪ੍ਰਧਾਨ ਪੰਕਜ ਚੌਧਰੀ ਵੀ ਮੌਜੂਦ ਸਨ।ਪੀ.ਐੱਮ.ਓ. ਅਨੁਸਾਰ ਗੰਗਾ

(ਬਾਕੀ ਸਫਾ 2 'ਤੇ)

## ਗ੍ਰੇਟ ਨਿਕੋਬਾਰ ਪ੍ਰੋਜੈਕਟ ਸਭ ਤੋਂ ਵੱਡੇ ਘਪਲਿਆਂ 'ਚੋਂ ਇੱਕ: ਰਾਹੁਲ ਗਾਂਧੀ

ਚੜ੍ਹਦੀਕਲਾ ਬਿਊਰੋ

================



ਸ੍ਰੀ ਵਿਜੈਪੁਰਮ, 29 ਅਪ੍ਰੈਲ :ਕਾਂਗਰਸ ਦੇ ਸੀਨੀਅਰ ਆਗੂ ਰਾਹੁਲ ਗਾਂਧੀ ਨੇ ਬੁੱਧਵਾਰ ਨੂੰ ਕਿਹਾ ਕਿ ਅੰਡੇਮਾਨ ਅਤੇ ਨਿਕੋਬਾਰ ਟਾਪੂ ਦੇ ਕੈਂਪਬੈਲ ਬੇਅ ਵਿੱਚ ਗ੍ਰੇਟ ਨਿਕੋਬਾਰ ਪ੍ਰੋਜੈਕਟ 'ਦੇਸ਼ ਦੀ ਕੁਦਰਤੀ ਅਤੇ ਕਬਾਇਲੀ ਵਿਰਾਸਤ ਵਿਰੁੱਧ ਸਭ ਤੋਂ ਵੱਡੇ ਘੁਟਾਲਿਆਂ ਅਤੇ ਸਭ ਤੋਂ ਗੰਭੀਰ ਅਪਰਾਧਾਂ ਵਿੱਚੋਂ ਇੱਕ' ਹੈ। ਉਨ੍ਹਾਂ ਕਿਹਾ ਕਿ ਇਸ ਪ੍ਰੋਜੈਕਟ ਲਈ 160 ਵਰਗ ਕਿਲੋਮੀਟਰ ਦੇ ਰੇਨਫੋਰੈਸਟ (ਵਰਖਾ ਜੰਗਲ) ਵਿੱਚ ਲੱਖਾਂ ਦਰੱਖਤਾਂ ਦੀ ਕਟਾਈ ਕੀਤੀ ਜਾਵੇਗੀ ਅਤੇ ਉਨ੍ਹਾਂ ਨੇ ਇਸ ਨੂੰ 'ਵਿਕਾਸ ਦੀ ਭਾਸ਼ਾ ਵਿੱਚ ਲਿਪਟੀ ਹੋਈ ਤਬਾਹੀ' ਕਰਾਰ ਦਿੱਤਾ। ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਨੇ ਇੱਕ ਸੋਸ਼ਲ ਮੀਡੀਆ ਪੋਸਟ ਵਿੱਚ ਕਿਹਾ, ਮੈਂ ਅੱਜ ਪੂਰੇ ਗ੍ਰੇਟ ਨਿਕੋਬਾਰ ਦੀ ਯਾਤਰਾ ਕੀਤੀ। ਇਹ ਸਭ ਤੋਂ ਅਸਾਧਾਰਨ ਜੰਗਲ ਹਨ ਜੋ ਮੈਂ ਆਪਣੀ ਜ਼ਿੰਦਗੀ ਵਿੱਚ ਕਦੇ ਦੇਖੇ ਹਨ। ਯਾਦਾਂ ਤੋਂ ਵੀ ਪੁਰਾਣੇ ਦਰੱਖਤ। ਉਹ ਜੰਗਲ ਜਿਨ੍ਹਾਂ ਨੂੰ ਉੱਗਣ ਵਿੱਚ ਪੀੜ੍ਹੀਆਂ ਲੱਗ ਗਈਆਂ।

(ਬਾਕੀ ਸਫਾ 2 'ਤੇ)

## ਪੰਜਾਬ 'ਚ ਝੋਨੇ ਦੀ ਲਵਾਈ ਦਾ ਸ਼ਡਿਊਲ ਜਾਰੀ

ਚੰਡੀਗੜ੍ਹ, 29 ਅਪ੍ਰੈਲ (ਅੰਮ੍ਰਿਤਪਾਲ ਸਿੰਘ): ਪੰਜਾਬ ਵਿਚ ਝੋਨੇ ਦੀ ਸਿੱਧੀ ਬਿਜਾਈ 15 ਮਈ ਤੋਂ 31 ਮਈ ਤੱਕ ਚੱਲੇਗੀ। ਕਿਸਾਨਾਂ ਨੂੰ ਇਸ ਦੌਰਾਨ ਨਹਿਰਾਂ ਤੋਂ ਪਾਣੀ ਵੀ ਮਿਲੇਗਾ ਤੇ 8 ਘੰਟੇ ਬਿਜਲੀ ਸਪਲਾਈ ਵੀ ਦਿੱਤੀ ਜਾਵੇਗੀ। ਇਸ ਲਈ ਜ਼ਿਲ੍ਹਿਆਂ ਨੂੰ ਚਾਰ ਜ਼ੋਨਾਂ ਵਿਚ ਵੰਡਿਆ ਗਿਆ ਹੈ। ਪਹਿਲਾ ਜ਼ੋਨ (15 ਮਈ ਤੋਂ): ਸਿੱਧੀ ਬਿਜਾਈ ਲਈ ਪੂਰਾ ਪੰਜਾਬ। ਦੂਜਾ ਜ਼ੋਨ (1 ਜੂਨ ਤੋਂ): ਗੁਰਦਾਸਪੁਰ, ਪਠਾਨਕੋਟ, ਸ੍ਰੀ ਅੰਮ੍ਰਿਤਸਰ ਸਾਹਿਬ, ਤਰਨ ਤਾਰਨ, ਰੂਪਨਗਰ, ਐਸ.ਏ.ਐਸ. ਨਗਰ (ਮੋਹਾਲੀ), ਫ਼ਤਿਹਗੜ੍ਹ ਸਾਹਿਬ ਅਤੇ ਹੁਸ਼ਿਆਰਪੁਰ। ਤੀਜਾ ਜ਼ੋਨ (5 ਜੂਨ ਤੋਂ): ਫ਼ਰੀਦਕੋਟ, ਬਠਿੰਡਾ, ਫ਼ਿਰੋਜ਼ਪੁਰ, ਸ੍ਰੀ ਮੁਕਤਸਰ ਸਾਹਿਬ ਅਤੇ ਫ਼ਾਜ਼ਿਲਕਾ। ਚੌਥਾ ਜ਼ੋਨ (9 ਜੂਨ ਤੋਂ): ਲੁਧਿਆਣਾ, ਮਲੇਰਕੋਟਲਾ, ਮਾਨਸਾ, ਮੋਗਾ, ਪਟਿਆਲਾ, ਸੰਗਰੂਰ, ਬਰਨਾਲਾ, ਕਪੂਰਥਲਾ, ਜਲੰਧਰ ਅਤੇ ਸ਼ਹੀਦ

(ਬਾਕੀ ਸਫਾ 2 'ਤੇ)

## ਪੰਜਾਬ ਦੇ 8 ਜ਼ਿਲ੍ਹਿਆਂ ਲਈ 'ਯੈਲੋ ਅਲਰਟ'

ਚੜ੍ਹਦੀਕਲਾ ਬਿਊਰੋ

================



ਚੰਡੀਗੜ੍ਹ, 29 ਅਪ੍ਰੈਲ :ਪੰਜਾਬ ਦੇ ਮੌਸਮ ਦੀ ਨਵੀਂ ਅਪਡੇਟ ਸਾਹਮਣੇ ਆਈ ਹੈ। ਮੌਸਮ ਵਿਭਾਗ ਨੇ 3 ਮਈ ਤੱਕ ਪੰਜਾਬ ਦੇ ਮੌਸਮ ਦੀ ਵੱਡੀ ਭਵਿੱਖਬਾਣੀ ਕੀਤੀ ਹੈ। ਅਗਲੇ ਪੰਜ ਦਿਨਾਂ ਦੌਰਾਨ ਪੰਜਾਬ ਦੇ ਵੱਖ-ਵੱਖ ਹਿੱਸਿਆਂ ਵਿਚ ਮੌਸਮ 'ਚ ਵੱਡੀਆਂ ਤਬਦੀਲੀਆਂ ਵੇਖਣ ਨੂੰ ਮਿਲ ਸਕਦੀਆਂ ਹਨ। 30 ਅਪ੍ਰੈਲ ਨੂੰ ਮੌਸਮ 'ਚ ਕੁਝ ਸੁਧਾਰ ਹੋਵੇਗਾ ਪਰ ਪਠਾਨਕੋਟ, ਗੁਰਦਾਸਪੁਰ, ਹੁਸ਼ਿਆਰਪੁਰ, ਰੂਪਨਗਰ, ਮੋਹਾਲੀ ਅਤੇ ਫ਼ਤਹਿਗੜ੍ਹ ਸਾਹਿਬ ਵਿੱਚ 'ਯੈਲੋ ਅਲਰਟ' ਰਹੇਗਾ। ਬਾਕੀ ਪੰਜਾਬ 'ਚ ਕੋਈ ਵਿਸ਼ੇਸ਼ ਚਿਤਾਵਨੀ ਨਹੀਂ ਹੈ। ਮੌਸਮ ਵਿਭਾਗ ਵੱਲੋਂ ਇਕ ਮਈ ਲਈ ਕੀਤੀ ਗਈ ਭਵਿੱਖਬਾਣੀ ਮੁਤਾਬਕ ਇਸ ਦਿਨ ਪੂਰੇ ਪੰਜਾਬ 'ਚ ਮੌਸਮ ਸਾਫ਼ ਰਹਿਣ ਦੀ ਉਮੀਦ ਜਤਾਈ ਗਈ ਹੈ। ਇਸੇ ਤਰ੍ਹਾਂ 2 ਮਈ ਨੂੰ ਉੱਤਰੀ ਪੰਜਾਬ ਦੇ ਜ਼ਿਲ੍ਹੇ ਪਠਾਨਕੋਟ, ਗੁਰਦਾਸਪੁਰ, ਹੁਸ਼ਿਆਰਪੁਰ ਅਤੇ ਰੂਪਨਗਰ ਵਿੱਚ ਮੁੜ 'ਯੈਲੋ ਅਲਰਟ' ਰਹੇਗਾ। ਉਥੇ ਹੀ 3 ਮਈ ਨੂੰ ਪੰਜਾਬ ਦੇ ਵੱਡੇ ਹਿੱਸੇ ਖ਼ਾਸ ਕਰਕੇ ਉੱਤਰੀ ਅਤੇ ਪੂਰਬੀ ਜ਼ਿਲ੍ਹਿਆਂ ਵਿੱਚ ਗਰਜ਼-ਚਮਕ ਅਤੇ ਤੇਜ਼ ਹਵਾਵਾਂ ਦੇ ਨਾਲ 'ਯੈਲੋ ਅਲਰਟ' ਜਾਰੀ ਕੀਤਾ ਗਿਆ ਹੈ। ਮੌਸਮ ਵਿਭਾਗ ਨੇ ਲੋਕਾਂ ਨੂੰ ਤੇਜ਼ ਹਵਾਵਾਂ ਅਤੇ ਗਰਜ਼-ਚਮਕ ਦੌਰਾਨ ਸੁਰੱਖਿਅਤ ਥਾਵਾਂ 'ਤੇ ਰਹਿਣ ਦੀ ਸਲਾਹ ਦਿੱਤੀ ਹੈ। ਕਿਸਾਨਾਂ ਅਤੇ ਆਮ ਲੋਕਾਂ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਮੌਸਮ ਦੀਆਂ ਤਾਜ਼ਾ ਜਾਣਕਾਰੀਆਂ ਲਈ ਵਿਭਾਗ ਦੀਆਂ ਹਦਾਇਤਾਂ 'ਤੇ ਨਿਗਰਾਨੀ ਰੱਖਣ।

## ਹਿਮਾਚਲ ਵਿੱਚ 5 ਮਈ ਤੱਕ ਬਰਫ਼ਬਾਰੀ, ਗੜ੍ਹੇਮਾਰੀ ਅਤੇ ਮੀਂਹ ਦੀ ਪੇਸ਼ੀਨਗੋਈ

ਸ਼ਿਮਲਾ, 29 ਅਪ੍ਰੈਲ (ਚ.ਨ.ਸ.): ਮੈਦਾਨੀ ਇਲਾਕਿਆਂ ਵਿੱਚ ਪੈ ਰਹੀ ਭਿਆਨਕ ਗਰਮੀ ਵਿਚਾਲੇ ਹਿਮਾਚਲ ਦੇ ਉੱਚੇ ਪਹਾੜੀ ਖੇਤਰਾਂ 'ਚ ਬਰਫ਼ਬਾਰੀ ਅਤੇ ਬਾਕੀ ਇਲਾਕਿਆਂ ਵਿੱਚ ਮੀਂਹ ਪੈਣ ਦਾ ਸਿਲਸਿਲਾ 5 ਮਈ ਤੱਕ ਜਾਰੀ ਰਹਿ ਸਕਦਾ ਹੈ। ਇਹ ਸਭ ਇੱਕ ਨਵੀਂ ਪੱਛਮੀ ਗੜਬੜੀ ਕਰਕੇ ਹੋ ਰਿਹਾ ਹੈ, ਜਿਸ ਦਾ ਅਸਰ 2 ਮਈ ਤੋਂ ਪੱਛਮੀ ਪਹਾੜੀ ਖੇਤਰਾਂ ਵਿੱਚ ਦੇਖੇ ਜਾਣ ਦੀ ਪੂਰੀ ਸੰਭਾਵਨਾ ਹੈ। ਸੂਬੇ ਦੇ ਮੌਸਮ ਵਿਭਾਗ ਨੇ ਪੇਸ਼ੀਨਗੋਈ ਕੀਤੀ ਹੈ ਕਿ ਅਗਲੇ ਕੁਝ ਦਿਨਾਂ ਤੱਕ ਪੂਰੇ ਹਿਮਾਚਲ ਵਿੱਚ ਬਰਫ਼ਬਾਰੀ ਅਤੇ ਮੀਂਹ ਜਾਰੀ ਰਹੇਗਾ। 3 ਮਈ ਨੂੰ ਤੇਜ਼ ਬਾਰਿਸ਼ ਹੋਣ ਦੀ

(ਬਾਕੀ ਸਫਾ 2 'ਤੇ)

## ਬੀਦਰ ਦੇ ਗੁਰੂ ਨਾਨਕ ਹਸਪਤਾਲ 'ਚ ਲੱਗੀ ਅੱਗ, ਮਰੀਜ਼ਾਂ ਨੂੰ ਸੁਰੱਖਿਅਤ ਬਾਹਰ ਕੱਢਿਆ

ਬਿਦਰ, 29 ਅਪ੍ਰੈਲ (ਚ.ਨ.ਸ.): ਕਰਨਾਟਕ ਦੇ ਬਿਦਰ ਸ਼ਹਿਰ ਸਥਿਤ ਗੁਰੂ ਨਾਨਕ ਹਸਪਤਾਲ 'ਚ ਬੁੱਧਵਾਰ ਸਵੇਰੇ ਭਿਆਨਕ ਅੱਗ ਲੱਗਣ ਦੀ ਖ਼ਬਰ ਸਾਹਮਣੇ ਆਈ ਹੈ। ਇਸ ਘਟਨਾ ਤੋਂ ਬਾਅਦ ਹਸਪਤਾਲ 'ਚ ਹੜਕੰਪ ਮਚ ਗਿਆ ਪਰ ਰਾਹਤ ਦੀ ਗੱਲ ਇਹ ਰਹੀ ਕਿ ਸਾਰੇ ਮਰੀਜ਼ਾਂ ਅਤੇ ਸਟਾਫ ਨੂੰ ਸੁਰੱਖਿਅਤ ਬਾਹਰ ਕੱਢ ਲਿਆ ਗਿਆ ਹੈ। ਬਿਦਰ ਦੀ ਡਿਪਟੀ ਕਮਿਸ਼ਨਰ ਸ਼ਿਲਪਾ ਸ਼ਰਮਾ ਨੇ ਦੱਸਿਆ ਕਿ ਮੁੱਢਲੀ ਜਾਂਚ ਮੁਤਾਬਕ ਅੱਗ ਲੱਗਣ ਦਾ ਕਾਰਨ ਸ਼ਾਰਟ ਸਰਕਟ ਹੋਣ ਦਾ ਖਦਸ਼ਾ ਜਤਾਇਆ ਜਾ ਰਿਹਾ ਹੈ। ਅੱਗ ਹਸਪਤਾਲ ਦੇ ਦਫ਼ਤਰ ਵਾਲੇ ਹਿੱਸੇ 'ਚ ਲੱਗੀ ਸੀ, ਜਿਸ ਕਾਰਨ ਪੂਰੀ ਇਮਾਰਤ 'ਚ ਸੰਘਣਾ ਧੂੰਆਂ ਫੈਲ ਗਿਆ। ਅੱਗ ਦੀ ਸੂਚਨਾ ਮਿਲਦੇ ਹੀ ਫਾਇਰ ਬ੍ਰਿਗੇਡ ਦੀਆਂ ਦੋ ਗੱਡੀਆਂ ਤੇ 20 ਕਰਮਚਾਰੀ

(ਬਾਕੀ ਸਫਾ 2 'ਤੇ)

## 'ਜਾਗਤ ਜੋਤਿ ਸਤਿਕਾਰ ਐਕਟ' ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ 'ਤੇ ਪਟੀਸ਼ਨਰ ਨੂੰ ਝਾੜ

ਚੜ੍ਹਦੀਕਲਾ ਬਿਊਰੋ

================




ਚੰਡੀਗੜ੍ਹ, 29 ਅਪ੍ਰੈਲ :ਪੰਜਾਬ ਸਰਕਾਰ ਵੱਲੋਂ ਹਾਲ ਹੀ ਵਿੱਚ ਲਾਗੂ ਕੀਤੇ ਗਏ 'ਜਾਗਤ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ, 2026' ਨੂੰ ਕਾਨੂੰਨੀ ਚੁਣੌਤੀ ਦੇਣ ਵਾਲੀ ਪਟੀਸ਼ਨ 'ਤੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਸਖ਼ਤ ਰੁਖ਼ ਅਖਤਿਆਰ ਕੀਤਾ ਹੈ। ਅਦਾਲਤ ਨੇ ਪਹਿਲੀ ਸੁਣਵਾਈ ਦੌਰਾਨ ਹੀ ਪਟੀਸ਼ਨਰ ਨੂੰ ਝਾੜ ਪਾਈ ਅਤੇ ਪਟੀਸ਼ਨ ਦੀ ਸੁਣਵਾਈ ਯੋਗਤਾ 'ਤੇ ਗੰਭੀਰ ਸਵਾਲ ਖੜ੍ਹੇ ਕੀਤੇ ਹਨ। ਸੁਣਵਾਈ ਦੌਰਾਨ ਅਦਾਲਤ ਨੇ ਪੁੱਛਿਆ ਕਿ ਇਸ ਪਟੀਸ਼ਨ ਨੂੰ ਖਾਰਜ ਕਿਉਂ ਨਾ ਕਰ ਦਿੱਤਾ ਜਾਵੇ ? ਅਦਾਲਤ ਨੇ ਹੁਣ ਪਟੀਸ਼ਨਰ ਨੂੰ ਅਗਲੀ ਤਰੀਕ 'ਤੇ ਇਹ ਸਾਬਤ ਕਰਨ ਲਈ ਕਿਹਾ ਹੈ ਕਿ ਇਹ ਪਟੀਸ਼ਨ ਸੁਣਵਾਈ ਦੇ ਯੋਗ ਕਿਉਂ ਹੈ।

ਸਰਕਾਰ ਵੱਲੋਂ ਪੇਸ਼ ਹੋਏ ਵਕੀਲਾਂ ਨੇ ਪਟੀਸ਼ਨਰ, ਜੋ ਕਿ ਜਲੰਧਰ ਦਾ ਰਹਿਣ ਵਾਲਾ ਸਮਾਜਿਕ ਕਾਰਕੁੰਨ ਸਿਮਰਨਜੀਤ ਸਿੰਘ ਦੱਸਿਆ ਜਾ ਰਿਹਾ ਹੈ, ਦੇ ਕਿਰਦਾਰ 'ਤੇ ਕਈ ਉਂਗਲਾਂ ਉਠਾਈਆਂ ਹਨ। ਉਸ ਵੱਲੋਂ ਪਹਿਲਾਂ ਦਾਇਰ ਕੀਤੀਆਂ ਕਈ ਪਟੀਸ਼ਨਾਂ ਨੂੰ ਵੀ ਅਦਾਲਤ ਵੱਲੋਂ ਖਾਰਜ ਕੀਤਾ ਜਾ ਚੁੱਕਾ ਹੈ। ਬਾਰ ਕੌਂਸਲ ਵੱਲੋਂ ਪਟੀਸ਼ਨਰ ਦਾ ਲਾਇਸੈਂਸ ਵੀ ਸਸਪੈਂਡ ਕੀਤਾ ਗਿਆ ਸੀ। ਸਿਮਰਨਜੀਤ ਸਿੰਘ ਵੱਲੋਂ ਦਾਇਰ ਇਸ

(ਬਾਕੀ ਸਫਾ 2 'ਤੇ)

## ਚਿੰਤਪੂਰਨੀ ਲਾਗੇ ਖੱਡ 'ਚ ਡਿੱਗੀ ਕਾਰ, ਚਾਰ ਸ਼ਰਧਾਲੂਆਂ ਦੀ ਮੌਤ

ਚਿੰਤਪੂਰਨੀ, 29 ਅਪ੍ਰੈਲ (ਚ.ਨ.ਸ.):ਚਿੰਤਪੂਰਨੀ-ਭਰਵਾਈ ਮਾਰਗ 'ਤੇ ਬੁੱਧਵਾਰ ਨੂੰ ਭਿਆਨਕ ਸੜਕ ਹਾਦਸਾ ਵਾਪਰਿਆ। ਇਸ ਹਾਦਸੇ 'ਚ ਚਾਰ ਸ਼ਰਧਾਲੂਆਂ ਦੀ ਮੌਤ ਦੀ ਜਾਣਕਾਰੀ ਪ੍ਰਾਪਤ ਹੋਈ ਹੈ। ਦੱਸਿਆ ਜਾ ਰਿਹਾ ਹੈ ਕਿ ਪੰਜਾਬ ਦੇ ਲੁਧਿਆਣਾ ਤੋਂ ਆਏ ਸ਼ਰਧਾਲੂ ਮਾਤਾ ਚਿੰਤਪੂਰਨੀ ਮੰਦਰ 'ਚ ਮੱਥਾ ਟੇਕ ਕੇ ਘਰ ਪਰਤ ਰਹੇ ਸਨ, ਉਦੋਂ ਉਨ੍ਹਾਂ ਦੀ ਕਾਰ ਬੇਕਾਬੂ ਹੋ ਕੇ ਡੂੰਘੀ ਖੱਡ 'ਚ ਜਾ ਡਿੱਗੀ। ਚਸ਼ਮਦੀਦਾਂ ਅਨੁਸਾਰ, ਹਾਦਸੇ ਦੌਰਾਨ ਕਾਰ ਖੱਡ 'ਚ ਡਿੱਗਦੇ ਸਮੇਂ ਇਕ ਕਾਰ ਸਵਾਰ ਬਾਹਰ ਜਾ ਡਿੱਗਾ, ਜਿਸ ਦੀ ਮੌਕੇ 'ਤੇ ਹੀ ਗੰਭੀਰ ਸੱਟਾਂ ਨਾਲ ਮੌਤ ਹੋ ਗਈ। ਉੱਥੇ ਹੀ ਖੱਡ 'ਚ ਡਿੱਗਣ ਮਗਰੋਂ ਕਾਰ 'ਚ ਅਚਾਨਕ ਅੱਗ ਲੱਗ ਗਈ, ਜਿਸ ਨਾਲ ਅੰਦਰ ਫਸੇ ਤਿੰਨ ਸ਼ਰਧਾਲੂ ਜ਼ਿੰਦਾ ਸੜ ਗਏ। ਹਾਦਸਾ ਇੰਨਾ ਭਿਆਨਕ ਸੀ ਕਿ ਨੇੜੇ-ਤੇੜੇ ਲੋਕ ਤੁਰੰਤ ਮਦਦ ਲਈ ਪਹੁੰਚੇ

(ਬਾਕੀ ਸਫਾ 2 'ਤੇ)

## ਕੇਜਰੀਵਾਲ ਤੇ ਸਿਸੋਦੀਆ ਨੂੰ ਦੋਸ਼ਮੁਕਤ ਕਰਨ ਵਿਰੁੱਧ ਸੀ.ਬੀ.ਆਈ. ਦੀ ਪਟੀਸ਼ਨ 'ਤੇ ਸੁਣਵਾਈ 4 ਮਈ ਨੂੰ

ਚੜ੍ਹਦੀਕਲਾ ਬਿਊਰੋ

================



ਨਵੀਂ ਦਿੱਲੀ, 29 ਅਪ੍ਰੈਲ : ਦਿੱਲੀ ਹਾਈ ਕੋਰਟ ਨੇ ਬੁੱਧਵਾਰ ਨੂੰ ਕਿਹਾ ਕਿ ਉਹ ਸ਼ਰਾਬ ਨੀਤੀ ਮਾਮਲੇ ਵਿੱਚ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ, ਉਨ੍ਹਾਂ ਦੇ ਡਿਪਟੀ ਮਨੀਸ਼ ਸਿਸੋਦੀਆ ਅਤੇ 21 ਹੋਰਾਂ ਨੂੰ ਦੋਸ਼ਮੁਕਤ (ਡਿਸਚਾਰਜ) ਕਰਨ ਦੇ ਟਰਾਇਲ ਕੋਰਟ ਦੇ ਹੁਕਮ ਵਿਰੁੱਧ ਸੀ.ਬੀ.ਆਈ. ਦੀ ਪਟੀਸ਼ਨ 'ਤੇ 4 ਮਈ ਨੂੰ ਸੁਣਵਾਈ ਕਰੇਗੀ। ਭਾਵੇਂ 'ਆਪ' ਆਗੂਆਂ ਨੇ ਜਸਟਿਸ ਸਵਰਨ ਕਾਂਤਾ ਸ਼ਰਮਾ ਦੇ ਸਾਹਮਣੇ ਹੋਈ ਸੁਣਵਾਈ ਦਾ ਬਾਈਕਾਟ ਕੀਤਾ, ਪਰ ਜੱਜ ਨੇ ਉਨ੍ਹਾਂ ਨੂੰ ਆਪਣੇ ਜਵਾਬ ਦਾਇਰ ਕਰਨ ਲਈ ਇੱਕ ਆਖਰੀ ਮੌਕਾ ਦਿੱਤਾ। ਜਸਟਿਸ ਸ਼ਰਮਾ ਵੱਲੋਂ 20 ਅਪਰੈਲ ਨੂੰ ਇਸ ਕੇਸ ਵਿੱਚ ਉਨ੍ਹਾਂ ਦੇ ਖੁਦ ਨੂੰ ਸੁਣਵਾਈ ਤੋਂ ਵੱਖ ਕਰਨ (ਰੀਕਿਊਜ਼ਲ) ਦੀਆਂ ਅਰਜ਼ੀਆਂ ਨੂੰ ਖਾਰਜ ਕਰਨ ਤੋਂ ਬਾਅਦ, ਕੇਜਰੀਵਾਲ ਅਤੇ ਸਿਸੋਦੀਆ ਨੇ ਇਸ ਹਫ਼ਤੇ ਦੇ ਸ਼ੁਰੂ ਵਿੱਚ ਜਸਟਿਸ ਸ਼ਰਮਾ ਨੂੰ ਇੱਕ ਪੱਤਰ ਲਿਖਿਆ ਸੀ। ਇਸ ਵਿੱਚ ਕਿਹਾ ਗਿਆ ਸੀ ਕਿ ਉਹ ਵਿਅਕਤੀਗਤ ਤੌਰ 'ਤੇ ਜਾਂ ਵਕੀਲ ਰਾਹੀਂ ਉਨ੍ਹਾਂ ਦੇ ਸਾਹਮਣੇ ਪੇਸ਼ ਨਹੀਂ ਹੋਣਗੇ ਅਤੇ 'ਮਹਾਤਮਾ ਗਾਂਧੀ ਦੇ ਸੱਤਿਆਗ੍ਰਹਿ ਦੇ ਮਾਰਗ' 'ਤੇ ਚੱਲਣਗੇ। ਸਾਬਕਾ 'ਆਪ' ਵਿਧਾਇਕ ਦੁਰਗੇਸ਼ ਪਾਠਕ

(ਬਾਕੀ ਸਫਾ 2 'ਤੇ)

## ਬੰਪਰ ਵੋਟਿੰਗ ਤੋਂ ਬਾਅਦ ਬੰਗਾਲ 'ਚ ਸਰਵੇਖਣ ਭਾਜਪਾ ਦੀ ਸਰਕਾਰ ਦਿਖਾ ਰਹੇ ਹਨ

### ਕੀ ਮਮਤਾ ਦਾ ਦੁਰਗ ਭਾਜਪਾ ਦੀ ਝੋਲੀ 'ਚ ਜਾਏਗਾ

### ਸਰਵੇ ਵਿੱਚ ਆਸਾਮ 'ਚ ਭਾਜਪਾ ਦੀ ਹੈਟ੍ਰਿਕ

ਪ੍ਰੋ. ਡਾ. ਕ੍ਰਿਸ਼ਨ ਕੁਮਾਰ ਰੱਤੂ
ਉੱਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

==================

ਅੱਜ ਬੰਗਾਲ ਤੋਂ ਦੱਖਣ ਤੱਕ ਕੀ ਭਗਵਾ ਲਹਿਰ ਨਵਾਂ ਭਾਰਤ ਲਿਖ ਰਹੀ ਹੈ?

ਪੱਛਮੀ ਬੰਗਾਲ ਵਿੱਚ 92 ਫੀਸਦੀ ਤੋਂ ਵੱਧ ਵੋਟਿੰਗ ਹੋਈ ਹੈ। ਅੱਜ ਇਹ ਸਿਰਫ਼ ਅੰਕੜਾ ਨਹੀਂ, ਇਹ ਜਨਮਤ ਦੀ ਗਰਜ ਹੈ। ਤਾਮਿਲਨਾਡੂ ਵਿੱਚ 84-85 ਫੀਸਦੀ ਤੋਂ ਵੱਧ ਮਤਦਾਨ, ਆਸਾਮ ਵਿੱਚ ਭਾਜਪਾ ਦੀ ਮਜ਼ਬੂਤ ਪਕੜ, ਅਤੇ ਨਾਰਥ ਈਸਟ ਦੇ ਬਾਕੀ ਖੇਤਰਾਂ ਵਿੱਚ ਕੇਸਰੀ ਪ੍ਰਭਾਵ ਦਾ ਵਧਦਾ ਘੇਰਾ—ਇਹ ਸਭ ਮਿਲ ਕੇ ਇੱਕ ਨਵੀਂ ਰਾਜਨੀਤਿਕ ਕਹਾਣੀ ਲਿਖ ਰਹੇ ਹਨ। ਇਹ ਕਹਾਣੀ ਸਿਰਫ਼ ਚੋਣਾਂ ਦੀ ਨਹੀਂ, ਸੱਤਾ ਦੇ ਨਵੇਂ ਭੂਗੋਲ ਦੀ ਹੈ।

### ਦੱਖਣ ਵਿੱਚ ਵੋਟ ਪ੍ਰਤੀਸ਼ਤ ਵੱਧਣ ਨਾਲ ਕੀ ਹੁਣ ਸਮੁੱਚੇ ਭਾਰਤ ਵਿੱਚ ਭਾਜਪਾ ਦਾ ਨੈਰੇਟਿਵ ਸੈਟ ਹੋਵੇਗਾ

ਬੰਗਾਲ ਦੀ ਰਾਜਨੀਤੀ ਦਹਾਕਿਆਂ ਤੋਂ ਲਾਲ ਤੋਂ ਹਰੀ ਅਤੇ ਹੁਣ ਹਰੇ ਤੋਂ ਕੇਸਰੀ ਹੋਣ ਦੇ ਮੁਹਾਨੇ 'ਤੇ ਖੜ੍ਹੀ ਦਿਖਾਈ ਦੇ ਰਹੀ ਹੈ। ਮਮਤਾ ਬੈਨਰਜੀ ਵਾਲੀ ਤ੍ਰਿਣਮੂਲ ਕਾਂਗਰਸ ਲਈ ਇਹ ਚੋਣ ਸਿਰਫ਼ ਸਰਕਾਰ ਬਚਾਉਣ ਦੀ ਨਹੀਂ, ਸਿਆਸੀ ਅਸਤਿਤਵ ਦੀ ਲੜਾਈ ਬਣ ਚੁੱਕੀ ਹੈ। ਪਹਿਲੇ ਚਰਨ ਵਿੱਚ 92 ਫੀਸਦੀ ਤੋਂ ਵੱਧ ਮਤਦਾਨ ਅਤੇ ਦੂਜੇ ਚਰਨ ਵਿੱਚ ਕਰੀਬ 90 ਫੀਸਦੀ ਦੀ ਭਾਗੀਦਾਰੀ ਨੇ ਸਾਫ਼ ਕਰ ਦਿੱਤਾ ਕਿ ਜਨਤਾ ਇਸ ਵਾਰ ਖਾਮੋਸ਼ ਨਹੀਂ ਰਹੀ। ਇਹ ਆਮ ਵੋਟ ਨਹੀਂ—ਇਹ ਗੁੱਸੇ, ਉਮੀਦ ਅਤੇ ਬਦਲਾਅ ਦੀ ਵੋਟ ਹੈ।

ਟੀਵੀ ਚੈਨਲਾਂ ਦੇ ਕਈ ਸਰਵੇ ਅਤੇ ਅੰਦਰੂਨੀ ਰਾਜਨੀਤਿਕ ਅਨੁਮਾਨ ਭਾਜਪਾ ਨੂੰ ਬੰਗਾਲ ਵਿੱਚ ਪਹਿਲੀ ਵਾਰ ਸਰਕਾਰ ਦੇ ਦਰਵਾਜ਼ੇ 'ਤੇ ਖੜਾ ਦਿਖਾ ਰਹੇ ਹਨ। ਕਈ ਅਨੁਮਾਨਾਂ ਵਿੱਚ ਟੀਐਮਸੀ ਅਤੇ ਭਾਜਪਾ ਵਿਚਕਾਰ 'ਨੈਕ ਟੂ ਨੈਕ ਫਾਈਟ' ਦੱਸੀ ਗਈ ਹੈ, ਪਰ ਹਵਾ ਬਦਲਦੀ ਮਹਿਸੂਸ ਹੋ ਰਹੀ ਹੈ। ਸਵਾਲ ਹੁਣ ਇਹ ਨਹੀਂ ਕਿ ਭਾਜਪਾ ਲੜ ਰਹੀ ਹੈ; ਸਵਾਲ ਇਹ ਹੈ ਕਿ ਕੀ ਮਮਤਾ ਦਾ ਕਿਲ੍ਹਾ ਡਿੱਗ ਰਿਹਾ ਹੈ? ਆਸਾਮ ਵਿੱਚ ਹਿੰਮਤ ਬਿਸਵਾ ਦੀ ਅਗਵਾਈ ਹੇਠ ਭਾਜਪਾ ਪਹਿਲਾਂ ਹੀ ਮਜ਼ਬੂਤ ਹੈ। ਨਾਰਥ ਈਸਟ, ਜੋ ਕਦੇ ਕਾਂਗਰਸ ਦਾ ਅਟੱਲ ਕਿਲ੍ਹਾ ਸੀ, ਅੱਜ ਭਾਜਪਾ ਦੀ ਰਣਨੀਤਿਕ ਪ੍ਰਯੋਗਸ਼ਾਲਾ ਬਣ ਚੁੱਕਾ ਹੈ। ਤ੍ਰਿਪੁਰਾ, ਮਨੀਪੁਰ, ਅਰੁਣਾਚਲ, ਨਾਗਾਲੈਂਡ—ਹਰ ਥਾਂ ਭਗਵਾ ਆਪਣੀ ਸਥਾਈ ਮੌਜੂਦਗੀ ਦਰਜ ਕਰਾ ਚੁੱਕਾ ਹੈ। ਇਹ ਸਿਰਫ਼ ਚੋਣੀ ਜਿੱਤ ਨਹੀਂ, ਮਨੋਵਿਗਿਆਨਕ ਕਬਜ਼ਾ ਹੈ।

ਅੱਜ ਦੱਖਣ ਭਾਰਤ ਵਿੱਚ ਵੀ ਤਸਵੀਰ ਬਦਲ ਰਹੀ ਹੈ। ਤਾਮਿਲਨਾਡੂ, ਜਿੱਥੇ ਦ੍ਰਾਵਿੜ ਰਾਜਨੀਤੀ ਨੇ ਦਹਾਕਿਆਂ ਤੱਕ ਰਾਸ਼ਟਰੀ ਪਾਰਟੀਆਂ ਨੂੰ ਦਰਵਾਜ਼ੇ ਤੋਂ ਬਾਹਰ ਰੱਖਿਆ, ਉੱਥੇ ਭਾਜਪਾ ਦਾ ਵੋਟ ਪ੍ਰਤੀਸ਼ਤ ਲਗਾਤਾਰ ਵੱਧ ਰਿਹਾ ਹੈ। ਸਰਕਾਰ ਬਣੇ ਜਾਂ ਨਾ ਬਣੇ, ਪਰ ਭਾਜਪਾ ਹੁਣ ਹਾਸ਼ੀਏ ਦੀ ਪਾਰਟੀ ਨਹੀਂ ਰਹੀ। ਉਹ ਖਿਡਾਰੀ ਬਣ ਚੁੱਕੀ ਹੈ।

ਇਹ ਸਾਰਾ ਦ੍ਰਿਸ਼ ਇੱਕ ਵੱਡੀ ਗੱਲ ਦੱਸਦਾ ਹੈ—ਭਾਰਤੀ ਰਾਜਨੀਤੀ ਹੁਣ ਖੇਤਰੀ ਟਾਪੂਆਂ ਦੀ ਰਾਜਨੀਤੀ ਨਹੀਂ ਰਹੀ;

(ਬਾਕੀ ਸਫਾ 2 'ਤੇ)

## ਹੋਰਮੁਜ਼ 'ਚ ਜਹਾਜ਼ਾਂ 'ਤੇ ਹੋਏ ਹਮਲਿਆਂ ਦੀ ਭਾਰਤ ਵੱਲੋਂ ਨਿਖੇਧੀ ! ਯੂ.ਐਨ.ਐਸ.ਸੀ. 'ਚ ਚੁੱਕਿਆ ਮੁੱਦਾ

ਚੜ੍ਹਦੀਕਲਾ ਬਿਊਰੋ

================



ਚੰਡੀਗੜ੍ਹ, 29 ਅਪ੍ਰੈਲ : ਭਾਰਤ ਨੇ ਹੋਰਮੁਜ਼ ਦੀ ਖਾੜੀ ਵਿੱਚ ਵਪਾਰਕ ਜਹਾਜ਼ਾਂ ਨੂੰ ਨਿਸ਼ਾਨਾ ਬਣਾਉਣ ਤੇ ਹਮਲਿਆਂ ਦੀ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ (ਯੂ.ਐਨ.ਐਸ.ਸੀ.) 'ਚ ਸਖ਼ਤ ਨਿਖੇਧੀ ਕੀਤੀ ਹੈ। ਮੱਧ ਪੂਰਬ ਦੀ ਸਥਿਤੀ 'ਤੇ ਬੋਲਦਿਆਂ ਭਾਰਤ ਦੀ ਡਿਪਟੀ ਸਥਾਈ ਪ੍ਰਤੀਨਿਧ, ਰਾਜਦੂਤ ਯੋਜਨਾ ਪਟੇਲ ਨੇ ਇਨ੍ਹਾਂ ਹਮਲਿਆਂ ਨੂੰ ਮੰਦਭਾਗਾ ਕਰਾਰ ਦਿੱਤਾ ਹੈ। ਯੋਜਨਾ ਪਟੇਲ ਨੇ ਕਿਹਾ ਕਿ ਹੋਰਮੁਜ਼ ਦੀ ਖਾੜੀ ਰਾਹੀਂ ਹੋਣ ਵਾਲੀ ਵਪਾਰਕ ਆਵਾਜਾਈ ਭਾਰਤ ਲਈ ਬਹੁਤ ਮਹੱਤਵਪੂਰਨ ਹੈ। ਇਹ ਖੇਤਰ ਭਾਰਤ ਦੀ ਊਰਜਾ (ਤੇਲ ਅਤੇ ਗੈਸ) ਅਤੇ ਆਰਥਿਕ ਸੁਰੱਖਿਆ ਨਾਲ ਸਿੱਧਾ ਜੁੜਿਆ ਹੋਇਆ ਹੈ। ਭਾਰਤ ਨੇ ਚਿੰਤਾ ਜਤਾਈ ਕਿ ਇਸ ਜੰਗ ਦੌਰਾਨ ਜਹਾਜ਼ਾਂ 'ਤੇ ਸਵਾਰ ਕਈ ਕੀਮਤੀ ਭਾਰਤੀਆਂ ਦੀਆਂ ਜਾਨਾਂ ਗਈਆਂ ਹਨ। ਉਨ੍ਹਾਂ ਕਿਹਾ ਕਿ ਬੇਗੁਨਾਹ ਨਾਗਰਿਕਾਂ ਅਤੇ ਕਰੂ ਮੈਂਬਰਾਂ ਦੀ ਜਾਨ ਨੂੰ ਖ਼ਤਰੇ ਵਿੱਚ ਪਾਉਣਾ ਬਿਲਕੁਲ ਨਾਮਨਜ਼ੂਰ ਹੈ। ਭਾਰਤ ਨੇ

(ਬਾਕੀ ਸਫਾ 2 'ਤੇ)

### ਰਾਜ ਸਭਾ ਮੈਂਬਰਾਂ ਦੇ ਪਾਰਟੀ ਬਦਲਣ ਦਾ ਮਾਮਲਾ

# ਰਾਸ਼ਟਰਪਤੀ ਨਾਲ ਮਾਨ ਦੀ ਮੁਲਾਕਾਤ ਤੋਂ ਬਾਅਦ ਪੰਜਾਬ ਦੀ ਸਿਆਸਤ 'ਚ ਆ ਸਕਦੈ ਵੱਡਾ ਮੋੜ !

ਚੰਡੀਗੜ੍ਹ, 29 ਅਪ੍ਰੈਲ (ਹਰਦੀਪ ਕੌਰ): ਪੰਜਾਬ ਦੀ ਰਾਜਨੀਤੀ ਵਿੱਚ ਇੱਕ ਵੱਡਾ ਮੋੜ ਆ ਸਕਦਾ ਹੈ ਕਿਉਂਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਐਲਾਨ ਕੀਤਾ ਹੈ ਕਿ ਉਹ 5 ਮਈ ਨੂੰ ਦੇਸ਼ ਦੇ ਰਾਸ਼ਟਰਪਤੀ ਨਾਲ ਅਹਿਮ ਮੁਲਾਕਾਤ ਕਰਨ ਜਾ ਰਹੇ ਹਨ।

ਇਹ ਮੁਲਾਕਾਤ ਖਾਸ ਤੌਰ 'ਤੇ ਆਮ ਆਦਮੀ ਪਾਰਟੀ ਨਾਲ ਸੰਬੰਧਿਤ ਰਾਜ ਸਭਾ ਮੈਂਬਰਾਂ ਦੇ ਅਸਤੀਫਿਆਂ ਦੇ ਮਾਮਲੇ ਨੂੰ ਲੈ ਕੇ ਹੋਵੇਗੀ, ਜਿਸ ਨੇ ਸੂਬੇ ਦੀ ਰਾਜਨੀਤੀ ਵਿੱਚ ਚਰਚਾ ਅਤੇ ਵਿਵਾਦ ਨੂੰ ਹੋਰ ਤੇਜ਼ ਕਰ ਦਿੱਤਾ ਹੈ। ਮੁੱਖ ਮੰਤਰੀ ਨੇ ਆਪਣੇ ਪ੍ਰੈੱਸ ਸੰਬੋਧਨ ਦੌਰਾਨ ਦੱਸਿਆ ਕਿ 5 ਮਈ ਨੂੰ ਦੁਪਹਿਰ 12 ਵਜੇ ਦਾ ਸਮਾਂ ਰਾਸ਼ਟਰਪਤੀ ਵੱਲੋਂ ਦਿੱਤਾ ਗਿਆ ਹੈ ਅਤੇ ਉਹ ਖੁਦ ਦਿੱਲੀ ਜਾ ਕੇ ਇਸ ਮਾਮਲੇ ਨੂੰ ਉਨ੍ਹਾਂ ਦੇ ਸਾਹਮਣੇ ਰੱਖਣਗੇ। ਇਸ ਸਬੰਧੀ ਪਹਿਲਾਂ ਤੋਂ ਹੀ ਮੁੱਖ ਮੰਤਰੀ ਭਗਵੰਤ ਮਾਨ ਕਹਿ ਚੁੱਕੇ ਹਨ, ਕਿ ਇਹ ਮਾਮਲਾ ਪੰਜਾਬ ਦੇ ਲੋਕਾਂ ਦੇ ਮੰਡੇਟ ਨਾਲ ਜੁੜਿਆ ਇੱਕ ਗੰਭੀਰ ਮਾਮਲਾ ਹੈ, ਜਿਸ 'ਤੇ ਸੰਵਿਧਾਨਕ ਪੱਧਰ 'ਤੇ ਵਿਚਾਰ ਕਰਨ ਦੀ ਲੋੜ ਹੈ।
ਇਸ ਤੋਂ ਪਹਿਲਾਂ ਹੋ ਚੁੱਕੀ ਪ੍ਰੈੱਸ ਕਾਨਫਰੰਸ ਦੌਰਾਨ ਮੁੱਖ ਮੰਤਰੀ ਨੇ ਕਿਹਾ ਸੀ ਕਿ ਕੁਝ ਰਾਜ ਸਭਾ ਮੈਂਬਰਾਂ ਨੇ ਜਨਤਾ ਦੇ ਵਿਸ਼ਵਾਸ ਨੂੰ ਤੋੜਿਆ ਹੈ। ਉਨ੍ਹਾਂ ਦੇ ਅਨੁਸਾਰ, ਜਿਹੜੇ ਲੋਕ ਜਨਤਾ ਦੇ ਵੋਟਾਂ ਨਾਲ ਚੁਣੇ ਜਾਂਦੇ ਹਨ, ਉਹਨਾਂ ਦੀ ਜ਼ਿੰਮੇਵਾਰੀ ਹੁੰਦੀ ਹੈ ਕਿ ਉਹ ਉਸ ਮੰਡੇਟ ਦੀ ਕਦਰ ਕਰਨ। ਇਸ ਸੰਦਰਭ ਵਿੱਚ ਉਨ੍ਹਾਂ ਨੇ ਗਦਾਰੀ ਵਰਗੇ ਕੜੇ ਸ਼ਬਦਾਂ ਦੀ ਵੀ ਵਰਤੋਂ ਕੀਤੀ, ਜੋ ਸਿਆਸੀ ਮਾਹੌਲ ਵਿੱਚ ਤਿੱਖੇ ਸੰਕੇਤ ਵਜੋਂ ਦੇਖੇ ਜਾ ਰਹੇ ਹਨ। ਉਹਨਾਂ ਵੱਲੋਂ ਰਾਜ ਸਭਾ ਦੇ ਮੈਂਬਰਾਂ ਨੂੰ
ਗਦਾਰ ਸ਼ਬਦ ਕਹੇ ਜਾਣ ਤੋਂ ਬਾਅਦ ਭਾਰਤੀ ਜਨਤਾ ਪਾਰਟੀ ਦੇ ਕਾਰਜਕਾਰੀ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਵੀ ਉਹਨਾਂ ਦੇ ਉੱਤੇ ਸਵਾਲਾਂ ਦੀ ਬੁਛਾੜ ਕੀਤੀ ਸੀ ਅਤੇ ਕਿਹਾ ਸੀ ਕਿ ਉਹ ਆਪ ਵੀ ਕਈ ਪਾਰਟੀਆਂ ਨੂੰ ਛੱਡ ਕੇ ਆਏ ਹਨ । ਇਸ ਦੇ ਨਾਲ ਹੀ ਅਸ਼ਵਨੀ ਸ਼ਰਮਾ ਨੇ ਸੱਤ ਰਾਜ ਸਭਾ ਮੈਂਬਰਾਂ ਦੀ ਪੰਜਾਬ ਨੂੰ ਕੀ ਦੇਣ ਰਹੀ ਉਸ ਸਬੰਧੀ ਵੀ ਵਿਸਥਾਰ ਵਿੱਚ ਗੱਲਬਾਤ ਕੀਤੀ ਸੀ।
ਦੂਜੇ ਪਾਸੇ, ਵਿਰੋਧੀ ਪਾਰਟੀਆਂ ਵੱਲੋਂ ਇਹ ਦਾਅਵਾ ਕੀਤਾ ਜਾ ਰਿਹਾ ਹੈ ਕਿ ਇਹ ਸਾਰੇ ਮਾਮਲੇ ਅੰਦਰੂਨੀ ਸਿਆਸੀ ਮਸਲਿਆਂ ਦਾ ਨਤੀਜਾ ਹਨ। ਕੁਝ ਰਾਜਨੀਤਿਕ ਹਲਕਿਆਂ ਵਿੱਚ ਇਹ ਵੀ ਚਰਚਾ ਹੈ ਕਿ ਰਾਘਵ ਚੱਡਾ ਦਾ ਇਸ ਸਾਰੇ ਮਾਮਲੇ ਵਿੱਚ ਮੁੱਖ ਰੋਲ ਹੈ ।
ਵਿਸ਼ਲੇਸ਼ਕ ਮੰਨਦੇ ਹਨ ਕਿ ਜੇਕਰ ਇਹ ਮਾਮਲਾ ਰਾਸ਼ਟਰਪਤੀ ਦੇ ਪੱਧਰ 'ਤੇ ਉਠਾਇਆ ਜਾਂਦਾ ਹੈ, ਤਾਂ ਇਸ ਦਾ ਪ੍ਰਭਾਵ ਸਿਰਫ਼ ਪੰਜਾਬ ਦੀ ਰਾਜਨੀਤੀ ਤੱਕ ਸੀਮਿਤ ਨਹੀਂ ਰਹੇਗਾ, ਸਗੋਂ ਕੇਂਦਰ-ਰਾਜ ਸਬੰਧਾਂ 'ਤੇ ਵੀ ਪੈ ਸਕਦਾ ਹੈ। ਇਹ ਵੀ ਦੇਖਣਾ ਮਹੱਤਵਪੂਰਨ ਹੋਵੇਗਾ ਕਿ ਇਸ ਮੁਲਾਕਾਤ ਤੋਂ ਬਾਅਦ ਕੋਈ ਸੰਵਿਧਾਨਕ ਜਾਂ ਕਾਨੂੰਨੀ ਕਾਰਵਾਈ ਹੁੰਦੀ ਹੈ ਜਾਂ ਨਹੀਂ।
ਇਸ ਪੂਰੇ ਮਾਮਲੇ ਨੇ ਪੰਜਾਬ ਦੀ ਸਿਆਸਤ ਵਿੱਚ ਇੱਕ ਨਵੀਂ ਚਰਚਾ ਨੂੰ ਜਨਮ ਦੇ ਦਿੱਤਾ ਹੈ, ਜਿੱਥੇ ਇਕ ਪਾਸੇ ਸਰਕਾਰ ਜਨਤਾ ਦੇ ਮੰਡੇਟ ਦੀ ਰੱਖਿਆ ਦੀ ਗੱਲ ਕਰ ਰਹੀ ਹੈ, ਉੱਥੇ ਹੀ ਵਿਰੋਧੀ ਪੱਖ ਇਸਨੂੰ ਸਿਆਸੀ ਰਣਨੀਤੀ ਵਜੋਂ ਵੇਖ ਰਹੇ ਹਨ।
ਹੁਣ ਸਾਰਿਆਂ ਦੀਆਂ ਨਜ਼ਰਾਂ 5 ਮਈ 'ਤੇ ਟਿਕੀਆਂ ਹੋਈਆਂ ਹਨ, ਜਦੋਂ ਮੁੱਖ ਮੰਤਰੀ ਰਾਸ਼ਟਰਪਤੀ ਨਾਲ ਮਿਲ ਕੇ ਇਸ ਮਾਮਲੇ ਨੂੰ ਅੱਗੇ ਵਧਾਉਣਗੇ। ਇਸ ਮੁਲਾਕਾਤ ਤੋਂ ਬਾਅਦ ਹੀ ਇਹ ਸਪੱਸ਼ਟ ਹੋਵੇਗਾ, ਕਿ ਪੰਜਾਬ ਦੀ ਰਾਜਨੀਤੀ ਵਿੱਚ ਅਗਲਾ ਕਦਮ ਕੀ ਹੋਵੇਗਾ ?

## ਮਾਨ ਵੱਲੋਂ ਜੇਈਈ ਮੇਨਜ਼ ਪਾਸ 369 ਵਿਦਿਆਰਥੀਆਂ ਦਾ ਸਨਮਾਨ

ਐੱਸ.ਏ.ਐੱਸ. ਨਗਰ (ਮੋਹਾਲੀ), 29 ਅਪ੍ਰੈਲ (ਚ.ਨ.ਸ.) : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਮੋਹਾਲੀ ਵਿਖੇ ਜੇਈਈ ਮੇਨਜ ਪ੍ਰੀਖਿਆ ਪਾਸ ਕਰਨ ਵਾਲੇ 369 ਵਿਦਿਆਰਥੀਆਂ ਦੀ ਸਫ਼ਲਤਾ ਨੂੰ ਪੰਜਾਬ ਦੀ ਸਿੱਖਿਆ ਪ੍ਰਣਾਲੀ ਵਿੱਚ ਕ੍ਰਾਂਤੀਕਾਰੀ ਸੁਧਾਰਾਂ ਦੀ ਪ੍ਰਮਾਣਿਕਤਾ ਵਜੋਂ ਪੇਸ਼ ਕਰਦਿਆਂ ਕਿਹਾ ਕਿ ਕਿਸੇ ਸਮੇਂ ਸੰਘਰਸ਼ ਨਾਲ ਜੂਝ ਰਹੇ ਸਿਸਟਮ ਤੋਂ ਲਾਚਾਰ ਵਿਦਿਆਰਥੀ ਹੁਣ ਪੰਜਾਬ ਸਰਕਾਰ ਦੀ "ਸਿੱਖਿਆ ਕ੍ਰਾਂਤੀ" ਨਾਲ ਕੌਮੀ ਪੱਧਰ 'ਤੇ ਮੱਲਾਂ ਮਾਰ ਰਹੇ ਹਨ।

ਇਸ ਮੌਕੇ ਮੁੱਖ ਮੰਤਰੀ ਵੱਲੋਂ ਇਨ੍ਹਾਂ ਸਫ਼ਲ ਰਹੇ ਵਿਦਿਆਰਥੀਆਂ ਦਾ ਸਨਮਾਨ ਵੀ ਕੀਤਾ ਗਿਆ।

ਇਹ ਪ੍ਰਾਪਤੀਆਂ ਹਾਸਲ ਕਰਨ ਵਾਲਿਆਂ ਨੂੰ "ਤਾਰੇ ਜ਼ਮੀਨ ਪਰ" ਦੱਸਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਜ਼ੋਰ ਦੇ ਕੇ ਕਿਹਾ ਕਿ ਉਨ੍ਹਾਂ ਦੀ ਸ਼ਾਨਦਾਰ ਕਾਰਗੁਜ਼ਾਰੀ ਮਹਿਜ਼ ਇੱਕ ਪ੍ਰਾਪਤੀ ਨਹੀਂ, ਸਗੋਂ ਇਸ ਗੱਲ ਦਾ ਸਪੱਸ਼ਟ ਪ੍ਰਮਾਣ ਹੈ ਕਿ ਮਿਆਰੀ ਸਿੱਖਿਆ, ਜਿਸਨੂੰ ਇੱਕ ਵਿਸੇਸ ਅਧਿਕਾਰ ਦੀ ਬਜਾਏ ਇੱਕ ਅਧਿਕਾਰ ਵਜੋਂ ਲਾਗੂ ਕੀਤਾ ਗਿਆ ਹੈ, ਸਸਕਤ ਅਧਿਆਪਕਾਂ ਅਤੇ ਨਿਰੰਤਰ ਸੁਧਾਰਾਂ ਨਾਲ ਮਿਲ ਕੇ ਪੰਜਾਬ ਦੇ ਸਰਕਾਰੀ ਸਕੂਲਾਂ ਦੀ ਨੁਹਾਰ ਬਦਲ ਰਹੀ ਹੈ।

# ਪੰਜਾਬ ਦੇ 96 ਨਿਆਂਇਕ ਅਧਿਕਾਰੀਆਂ ਦੇ ਤਬਾਦਲੇ

ਚੜ੍ਹਦੀਕਲਾ ਬਿਊਰੋ
================

ਚੰਡੀਗੜ੍ਹ, 29 ਅਪ੍ਰੈਲ : ਪੰਜਾਬ-ਹਰਿਆਣਾ ਹਾਈਕੋਰਟ ਨੇ ਪੰਜਾਬ ਦੇ 96 ਨਿਆਇਕ ਅਧਿਕਾਰੀਆਂ ਦੇ ਤਬਾਦਲੇ ਅਤੇ ਨਵੀਂ ਤਾਇਨਾਤੀ ਦੇ ਹੁਕਮ ਜਾਰੀ ਕੀਤੇ ਹਨ। ਦਲਜੀਤ ਕੌਰ, ਸਿਵਲ ਜੱਜ (ਸੀਨੀਅਰ ਡਿਵੀਜ਼ਨ)/ਚੀਫ਼ ਜੁਡੀਸ਼ੀਅਲ ਮੈਜਿਸਟ੍ਰੇਟ, ਸਕੱਤਰ ਡੀ. ਐੱਲ. ਐੱਸ. ਏ. ਨੂੰ ਫਰੀਦਕੋਟ 'ਚ ਸਿਵਲ ਜੱਜ (ਸੀਨੀਅਰ ਡਿਵੀਜ਼ਨ), ਰੁਪਿੰਦਰ ਸਿੰਘ, ਸਿਵਲ ਜੱਜ (ਐੱਸ.ਡੀ.)/ਚੀਫ਼ ਜੁਡੀਸ਼ੀਅਲ ਮੈਜਿਸਟ੍ਰੇਟ ਨੂੰ ਐੱਸ.ਏ.ਐੱਸ. ਨਗਰ 'ਚ ਸਿਵਲ ਜੱਜ (ਸੀਨੀਅਰ ਡਿਵੀਜ਼ਨ), ਸ਼ਿਲਪਾ, ਸਿਵਲ ਜੱਜ (ਐੱਸ.ਡੀ.)/ਚੀਫ਼ ਜੁਡੀਸ਼ੀਅਲ ਮੈਜਿਸਟ੍ਰੇਟ ਨੂੰ ਮਾਨਸਾ 'ਚ ਸਿਵਲ ਜੱਜ (ਸੀਨੀਅਰ ਡਿਵੀਜ਼ਨ), ਲਵਦੀਪ ਹੁੰਡਲ, ਸਿਵਲ ਜੱਜ (ਐੱਸ.ਡੀ.) ਨੂੰ ਜਲੰਧਰ 'ਚ ਸਿਵਲ ਜੱਜ (ਸੀਨੀਅਰ ਡਿਵੀਜ਼ਨ) ਵਿਸ਼ੇਸ਼ ਐੱਨ.ਆਰ.ਆਈ. ਕੋਰਟ, ਮੁਨੀਸ਼ ਗਰਗ ਨੂੰ ਫਤਿਹਗੜ੍ਹ ਸਾਹਿਬ 'ਚ ਸਿਵਲ ਜੱਜ (ਸੀਨੀਅਰ ਡਿਵੀਜ਼ਨ), ਮੰਨੀ ਅਰੋੜਾ ਨੂੰ ਬਰਨਾਲਾ 'ਚ ਸਿਵਲ ਜੱਜ (ਸੀਨੀਅਰ ਡਿਵੀਜ਼ਨ), ਡਾ. ਸ਼ਿਲਪੀ ਗੁਪਤਾ, ਚੀਫ਼ ਜੁਡੀਸ਼ੀਅਲ ਮੈਜਿਸਟ੍ਰੇਟ ਨੂੰ ਪਟਿਆਲਾ 'ਚ ਸਿਵਲ ਜੱਜ (ਸੀਨੀਅਰ ਡਿਵੀਜ਼ਨ), ਰਾਹੁਲ ਗਰਗ ਨੂੰ ਰੂਪਨਗਰ 'ਚ ਸਿਵਲ ਜੱਜ (ਸੀਨੀਅਰ ਡਿਵੀਜ਼ਨ), ਅਨੀਸ਼ ਗੋਇਲ ਨੂੰ ਬਰਨਾਲਾ 'ਚ ਚੀਫ਼ ਜੁਡੀਸ਼ੀਅਲ ਮੈਜਿਸਟ੍ਰੇਟ, ਆਸ਼ੀਸ਼ ਥਥਈ ਨੂੰ ਸੰਗਰੂਰ 'ਚ ਸਿਵਲ ਜੱਜ (ਐੱਸ. ਡੀ.)/ਚੀਫ਼ ਜੁਡੀਸ਼ੀਅਲ ਮੈਜਿਸਟ੍ਰੇਟ ਅਤੇ ਸਕੱਤਰ ਡੀ.ਐੱਲ.ਐੱਸ.ਏ., ਕਿਰਨ ਜਿਓਤੀ ਨੂੰ ਤਰਨਤਾਰਨ 'ਚ ਸਿਵਲ ਜੱਜ (ਐੱਸ.ਡੀ.)/ਚੀਫ਼ ਜੁਡੀਸ਼ੀਅਲ ਮੈਜਿਸਟ੍ਰੇਟ



ਅਤੇ ਸਕੱਤਰ ਡੀ. ਐੱਲ. ਐੱਸ. ਏ., ਸੋਨਾਲੀ ਸਿੰਘ ਨੂੰ ਚੰਡੀਗੜ੍ਹ 'ਚ ਸਿਵਲ ਜੱਜ (ਸੀਨੀਅਰ ਡਿਵੀਜ਼ਨ) ਔਨ ਡੈਪੂਟੇਸ਼ਨ, ਹਿਮਾਂਸ਼ੂ ਅਰੋੜਾ ਨੂੰ ਲੁਧਿਆਣਾ 'ਚ ਸਿਵਲ ਜੱਜ (ਐੱਸ. ਡੀ.)/ਚੀਫ਼ ਜੁਡੀਸ਼ੀਅਲ ਮੈਜਿਸਟ੍ਰੇਟ ਅਤੇ ਸਕੱਤਰ ਡੀ.ਐੱਲ. ਐੱਸ. ਏ., ਮੇਘਾ ਧਾਲੀਵਾਲ ਨੂੰ ਐੱਸ. ਏ. ਐੱਸ. ਨਗਰ 'ਚ ਸਿਵਲ ਜੱਜ (ਐੱਸ. ਡੀ.)/ਚੀਫ਼ ਜੁਡੀਸ਼ੀਅਲ ਮੈਜਿਸਟ੍ਰੇਟ ਅਤੇ ਸਕੱਤਰ ਡੀ.ਐੱਲ. ਐੱਸ. ਏ, ਮਮਤਾ ਕੱਕੜ ਨੂੰ ਮੋਗਾ 'ਚ ਚੀਫ਼ ਜੁਡੀਸ਼ੀਅਲ ਮੈਜਿਸਟ੍ਰੇਟ, ਰਵਨੀਤ ਸਿੰਘ ਨੂੰ ਐੱਸ. ਏ. ਐੱਸ. ਨਗਰ 'ਚ ਚੀਫ਼ ਜੁਡੀਸ਼ੀਅਲ ਮੈਜਿਸਟ੍ਰੇਟ, ਪ੍ਰਭਜੋਤ ਕੌਰ ਨੂੰ ਪਠਾਨਕੋਟ 'ਚ ਸਿਵਲ ਜੱਜ (ਐੱਸ. ਡੀ.)/ਚੀਫ਼ ਜੁਡੀਸ਼ੀਅਲ ਮੈਜਿਸਟ੍ਰੇਟ ਅਤੇ ਸਕੱਤਰ ਡੀ. ਐੱਲ. ਐੱਸ. ਏ. ਅਤੇ ਮੀਨਾਕਸ਼ੀ ਗੁਪਤਾ ਨੂੰ ਪਠਾਨਕੋਟ 'ਚ ਚੀਫ਼ ਜੁਡੀਸ਼ੀਅਲ ਮੈਜਿਸਟ੍ਰੇਟ ਨਿਯੁਕਤ ਕੀਤਾ ਗਿਆ ਹੈ।

ਇਸੇ ਤਰ੍ਹਾਂ ਸਿਮਰਨ ਸਿੰਘ ਨੂੰ ਮੋਗਾ, ਬਲਵਿੰਦਰ ਕੌਰ ਧਾਲੀਵਾਲ ਨੂੰ ਰੂਪਨਗਰ, ਪੰਕਜ ਵਰਮਾ ਨੂੰ ਸਰਦੂਲਗੜ੍ਹ, ਕੰਮਪਲੇ ਧੰਜਲ ਨੂੰ ਮਲੋਟ, ਸਤੀਸ਼ ਕੁਮਾਰ ਸ਼ਰਮਾ ਨੂੰ ਪਾਇਲ, ਮੀਨਾਕਸ਼ੀ ਮਹਾਜਨ ਨੂੰ ਨੰਗਲ ਵਿਖੇ, ਮੀਨਾਕਸ਼ੀ ਮਹਾਜਨ ਨੂੰ ਨੰਗਲ, ਸੁਮੁਖੀ ਨੂੰ ਜਗਰਾਉਂ,ਭੁਪਿੰਦਰ ਮਿੱਤਲ ਨੂੰ ਅਬੋਹਰ, ਨਿਧੀ ਖੁਰਾਨਾ ਨੂੰ ਫਤਿਹਗੜ੍ਹ ਸਾਹਿਬ, ਕ੍ਰਿਸ਼ਣਾਨੁਜਾ ਮਿੱਤਲ ਨੂੰ ਸੁਨਾਮ, ਜਗਮੀਤ ਸਿੰਘ ਨੂੰ ਸ੍ਰੀ ਆਨੰਦਪੁਰ ਸਾਹਿਬ, ਦਲੀਪ ਕੁਮਾਰ ਨੂੰ ਤਰਨਤਾਰਨ, ਰਵੀਪਾਲ ਸਿੰਘ ਭਾਰਦਵਾਜ ਨੂੰ ਸ਼ਹੀਦ ਭਗਤ ਸਿੰਘ ਨਗਰ 'ਚ ਵਧੀਕ ਸਿਵਲ ਜੱਜ (ਸੀਨੀਅਰ ਡਵੀਜ਼ਨ) ਲਗਾਇਆ ਗਿਆ।

ਜੂਨੀਅਰ ਡਿਵੀਜ਼ਨ 'ਚ ਅਮਰਜੀਤ ਸਿੰਘ ਨੂੰ ਕਪੂਰਥਲਾ, ਕੁਲਵਿੰਦਰ ਕੌਰ ਨੂੰ ਧੂਰੀ, ਡਾ. ਗੁਰਦਰਸ਼ਨ ਸਿੰਘ ਨੂੰ ਬਰਨਾਲਾ, ਡਾ. ਅੰਕਿਤਾ ਗੁਪਤਾ ਨੂੰ ਖਰੜ, ਕਰਨ ਅਗਰਵਾਲ ਨੂੰ ਅੰਮ੍ਰਿਤਸਰ, ਸੁਦੀਪਾ ਕੌਰ ਨੂੰ ਡੇਰਾਬੱਸੀ, ਸ਼ਰੁਤੀ ਨੂੰ ਬਠਿੰਡਾ, ਆਕਾਸ਼ਦੀਪ ਸਿੰਘ ਮਲਵਾਈ ਨੂੰ ਬਟਾਲਾ, ਨਵਨੀਤ ਕੌਰ ਨੂੰ ਚੰਡੀਗੜ੍ਹ, ਪਪਨੀਤ ਨੂੰ ਖਮਾਣੋਂ, ਰਾਜਨਦੀਪ ਕੌਰ ਬਿਲੰਗ ਨੂੰ ਲੁਧਿਆਣਾ, ਮਹਿਕ ਪੁਰੀ ਨੂੰ ਪਟਿਆਲਾ, ਗੀਤਬਰਿੰਦਰ ਸਿੰਘ ਧਾਲੀਵਾਲ ਨੂੰ ਸੰਗਰੂਰ, ਕਵਿਤਾ ਸ਼ਰਮਾ ਨੂੰ ਗੁਰਦਾਸਪੁਰ, ਆਰਤੀ ਸ਼ਰਮਾ ਨੂੰ ਜਲੰਧਰ ਵਿਸ਼ੇਸ਼ ਐੱਨ.ਆਰ.ਆਈ. ਕੋਰਟ, ਸੰਦੀਪ ਕੌਰ ਨੂੰ ਜਲੰਧਰ, ਕਮਲਦੀਪ ਕੌਰ ਨੂੰ ਮਲੇਰਕੋਟਲਾ, ਕੁਨਾਲ ਲਾਂਬਾ ਨੂੰ ਪਟਿਆਲਾ, ਨਵਜੋਤ ਕੌਰ ਨੂੰ ਅੰਮ੍ਰਿਤਸਰ, ਪਰਵੀਨ ਸਿੰਘ ਨੂੰ ਪਟਿਆਲਾ, ਨਿਹਾਰਿਕਾ ਸਿੰਗਲਾ ਨੂੰ ਪਟਿਆਲਾ, ਪਵਨਪ੍ਰੀਤ ਸਿੰਘ ਨੂੰ ਜਲੰਧਰ ਅਤੇ ਪਾਰਿਕਾ ਚੌਹਾਨ ਨੂੰ ਮੋਗਾ ਵਿਸੇਸ਼ ਐੱਨ. ਆਰ. ਆਈ. ਕੋਰਟ ਸਮੇਤ ਵੱਖ-ਵੱਖ ਸਟੇਸ਼ਨਾਂ 'ਤੇ ਸਿਵਲ ਜੱਜ (ਜੂਨੀਅਰ ਡਵੀਜ਼ਨ) ਵਜੋਂ ਨਵੀਆਂ ਜ਼ਿੰਮੇਵਾਰੀਆਂ ਸੌਂਪੀਆਂ ਗਈਆਂ ਹਨ।

## ਸੱਤ ਸਾਂਸਦਾਂ ਵੱਲੋਂ ਪਾਰਟੀ ਬਦਲਣ

ਦੇ ਗੱਦਾਰ ਹਨ।"ਉਨ੍ਹਾਂ ਅੱਗੇ ਕਿਹਾ, "ਜੋ ਲੋਕ ਇਸ ਦਲ ਬਦਲੀ ਨੂੰ ਅੱਜ-ਕੱਲ੍ਹ ਦਾ ਰੁਝਾਨ ਜਾਂ ਪਰੰਪਰਾ ਦੱਸ ਰਹੇ ਹਨ, ਉਹ ਲੋਕਾਂ ਦੇ ਫਤਵੇ ਪ੍ਰਤੀ ਇਸ ਗੰਭੀਰ ਅਣਦੇਖੀ ਨੂੰ ਜਾਇਜ਼ ਠਹਿਰਾ ਰਹੇ ਹਨ। ਇਹ ਬਿਲਕੁੱਲ ਵੀ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ ਅਤੇ ਅਜਿਹਾ ਲੱਗਦਾ ਹੈ, ਇਸ ਤਰ੍ਹਾਂ ਦੀ ਬਿਆਨਬਾਜ਼ੀ ਕਰਨ ਵਾਲੇ ਲੋਕ ਆਪਣੀ ਵਫ਼ਾਦਾਰੀ ਬਦਲਣ ਦੀ ਤਿਆਰੀ ਕਰ ਰਹੇ ਹਨ।"

*ਬਜਟ ਅਤੇ ਹਰੇਕ ਬਿੱਲ ਦਾ ਸੁਚਾਰੂ ਢੰਗ ਨਾਲ ਪਾਸ ਹੋਣਾ ਵਿਧਾਨ ਸਭਾ ਵਿੱਚ ਸਾਡੇ ਬਹੁਮਤ ਨੂੰ ਸਾਬਤ ਕਰਦਾ ਹੈ, ਆਲੋਚਕਾਂ ਨੂੰ ਪਹਿਲਾਂ ਕੇਂਦਰ ਦੀਆਂ ਅਧੂਰੀਆਂ ਗਰੰਟੀਆਂ 'ਤੇ ਜਵਾਬ ਦੇਣਾ ਚਾਹੀਦਾ ਹੈ: ਮੁੱਖ ਮੰਤਰੀ ਭਗਵੰਤ ਸਿੰਘ ਮਾਨ*ਆਪਣੀ ਸਰਕਾਰ ਦੀ ਤਾਕਤ ਦੀ ਪੁਸ਼ਟੀ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਨੂੰ ਵਿਧਾਨ ਸਭਾ ਦੇ ਅੰਦਰ ਅਤੇ ਬਾਹਰ ਪੂਰਨ ਸਮਰਥਨ ਹੈ, ਜਿਸ ਕਰਕੇ ਫਲੋਰ ਟੈਸਟ ਦੀ ਕੋਈ ਵੀ ਮੰਗ ਬੇਲੋੜੀ ਹੈ। ਉਨ੍ਹਾਂ ਅੱਗੇ ਕਿਹਾ,"ਜਿੱਥੇ ਬਜਟ ਸੁਚਾਰੂ ਢੰਗ ਨਾਲ ਪਾਸ ਹੋਇਆ ਹੈ, ਉੱਥੇ ਹੀ ਹਰ ਛੋਟੇ ਜਾਂ ਵੱਡੇ ਬਿੱਲ ਨੇ ਸਫ਼ਲਤਾਪੂਰਵਕ ਫਲੋਰ ਟੈਸਟ ਪਾਸ ਕੀਤਾ, ਜੋ ਸਪੱਸ਼ਟ ਤੌਰ 'ਤੇ ਦਰਸਾਉਂਦਾ ਹੈ ਕਿ ਸਰਕਾਰ ਕੋਲ ਸਦਨ ਵਿੱਚ ਪੂਰਨ ਬਹੁਮਤ ਹੈ।"

ਆਲੋਚਕਾਂ 'ਤੇ ਨਿਸ਼ਾਨਾ ਸਾਧਦਿਆਂ ਉਨ੍ਹਾਂ ਅੱਗੇ ਕਿਹਾ, "ਜੋ ਲੋਕ ਵਿਧਾਨ ਸਭਾ ਸੈਸ਼ਨ ਬੁਲਾਉਣ ਦੇ ਤਰਕ 'ਤੇ ਸਵਾਲ ਉਠਾ ਰਹੇ ਹਨ, ਉਨ੍ਹਾਂ ਨੂੰ ਸਾਡੇ 'ਤੇ ਸਵਾਲ ਉਠਾਉਣ ਤੋਂ ਪਹਿਲਾਂ ਮੋਦੀ ਸਰਕਾਰ ਵੱਲੋਂ ਦਿੱਤੀਆਂ ਗਰੰਟੀਆਂ ਦਾ ਜਵਾਬ ਦੇਣਾ ਚਾਹੀਦਾ ਹੈ।"

*ਪੰਜਾਬ ਸਰਕਾਰ ਰੇਲਵੇ ਟਰੈਕ ਧਮਾਕੇ ਦੀ ਘਟਨਾ 'ਚ ਅਗਲੇ-ਪਿਛਲੇ ਸਬੰਧਾਂ ਦਾ ਪਤਾ ਲਾਉਣ ਲਈ ਕੇਂਦਰ ਸਰਕਾਰ ਅਤੇ ਗ੍ਰਿਹ ਮੰਤਰਾਲੇ ਨਾਲ ਨਿਰੰਤਰ ਤਾਲਮੇਲ ਵਿੱਚ: ਮੁੱਖ ਮੰਤਰੀ ਭਗਵੰਤ ਸਿੰਘ ਮਾਨ*
ਹਾਲ ਹੀ ਵਿੱਚ ਰੇਲਵੇ ਟਰੈਕ ਧਮਾਕੇ ਦੀ ਘਟਨਾ 'ਤੇ ਇੱਕ ਸਵਾਲ ਦੇ ਜਵਾਬ ਵਿੱਚ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਸਰਕਾਰ, ਕੇਂਦਰ ਸਰਕਾਰ ਅਤੇ ਗ੍ਰਿਹ ਮੰਤਰਾਲੇ ਨਾਲ ਲਗਾਤਾਰ ਸੰਪਰਕ ਵਿੱਚ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ "ਅਗਲੇ ਪਿਛਲੇ ਸਬੰਧਾਂ ਦਾ ਪਤਾ ਲਾਉਣ ਲਈ ਜਾਂਚ ਜਾਰੀ ਹੈ ਅਤੇ ਇਸ ਅਪਰਾਧ ਵਿੱਚ ਸ਼ਾਮਲ ਦੋਸ਼ੀਆਂ ਨੂੰ ਕਿਸੇ ਵੀ ਕੀਮਤ 'ਤੇ ਬਖ਼ਸ਼ਿਆ ਨਹੀਂ ਜਾਵੇਗਾ।"
ਪਾਣੀ ਦੀ ਵੰਡ ਦੇ ਮੁੱਦੇ 'ਤੇ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਹਰਿਆਣਾ ਨੇ ਇਸ ਸਾਲ ਆਪਣੇ ਹਿੱਸੇ ਦੇ ਪਾਣੀ ਦੀ ਵਰਤੋਂ ਵਧੇਰੇ ਸਮਝਦਾਰੀ ਨਾਲ ਕੀਤੀ ਹੈ, ਜਿਸ ਨਾਲ ਵਿਵਾਦਾਂ ਤੋਂ ਬਚਾਅ ਰਿਹਾ ਹੈ।

ਉਨ੍ਹਾਂ ਅੱਗੇ ਕਿਹਾ ਕਿ ਕੇਂਦਰੀ ਖਪਤਕਾਰ ਮਾਮਲੇ, ਖੁਰਾਕ ਅਤੇ ਜਨਤਕ ਵੰਡ ਮੰਤਰੀ ਨਾਲ ਮੁਲਾਕਾਤ ਤੋਂ ਬਾਅਦ, ਪੰਜਾਬ 'ਚੋਂ ਅਨਾਜ ਦੀ ਚੁਕਾਈ ਨੂੰ ਤੇਜ ਕਰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ, "ਇਹ ਬਹੁਤ ਮਾਣ ਅਤੇ ਸੰਤੁਸ਼ਟੀ ਦੀ ਗੱਲ ਹੈ ਕਿ ਰਾਜ ਤੋਂ ਅਨਾਜ ਦੀ ਢੋਆ-ਢੁਆਈ ਲਈ 290 ਵਿਸ਼ੇਸ਼ ਰੇਲਗੱਡੀਆਂ ਇਸ ਕਾਰਜ ਵਿੱਚ ਲਗਾਈਆਂ ਗਈਆਂ ਹਨ, ਜਿਸ ਨਾਲ ਝੋਨੇ ਦੀ ਫਸਲ ਲਈ ਢੁਕਵੀਂ ਸਟੋਰੇਜ ਯਕੀਨੀ ਬਣੇਗੀ।"

## 'ਆਸਟ੍ਰੇਲੀਆ ਨੇ 11 ਪੰਜਾਬੀਆਂ ਸਮੇਤ 15 ਭਾਰਤੀਆਂ ਨੂੰ

ਜਿਵੇਂ ਹੀ ਉਹ ਪਹੁੰਚਣਗੇ, ਪੂਰੀ ਜਾਂਚ ਕੀਤੀ ਜਾਵੇਗੀ ਤੇ ਜੋ ਵੀ ਜ਼ਿੰਮੇਵਾਰ ਹੋਵੇਗਾ, ਉਸ 'ਤੇ ਮੁਕੱਦਮਾ ਚਲਾਇਆ ਜਾਵੇਗਾ।
ਉਨ੍ਹਾਂ ਅੱਗੇ ਕਿਹਾ ਕਿ ਉਹ ਵਿਧਾਨ ਸਭਾ 'ਚ ਫਲੋਰ ਟੈਸਟ ਕਰਵਾਉਣ ਲਈ ਤਿਆਰ ਹਨ ਤੇ ਲੋੜ ਪੈਣ 'ਤੇ ਵਿਸ਼ਵਾਸ ਮਤਾ ਵੀ ਲਿਆਂਦਾ ਜਾਵੇਗਾ। ਉਨ੍ਹਾਂ ਕਿਹਾ ਕਿ ਲੋਕਾਂ ਦਾ ਵਿਸ਼ਵਾਸ ਤੋੜਨ ਵਾਲਿਆਂ ਨੂੰ ਗੱਦਾਰ ਹੀ ਕਿਹਾ ਜਾਂਦਾ ਹੈ। ਮਾਨ 5 ਮਈ ਨੂੰ ਰਾਸ਼ਟਰਪਤੀ ਦਰੋਪਦੀ ਮੁਰਮੂ ਨੂੰ ਮਿਲਣਗੇ। ਉਨ੍ਹਾਂ ਕਿਹਾ ਕਿ ਰਾਸ਼ਟਰਪਤੀ ਨੇ 5 ਮਈ ਨੂੰ ਦੁਪਹਿਰ 12 ਵਜੇ ਮਿਲਣ ਦਾ ਸਮਾਂ ਦਿੱਤਾ ਹੈ। ਰਾਸ਼ਟਰਪਤੀ ਸਾਹਮਣੇ ਉਹ ਰਾਈਟ ਨੂੰ ਰਿਕਾਲ ਦਾ ਮੁੱਦਾ ਉਠਾਉਣਗੇ, ਜਦਕਿ ਰਾਜ ਸਭਾ ਮੈਂਬਰਾਂ ਨੂੰ ਰਿਕਾਲ ਕਰਨ ਸਬੰਧੀ ਪੱਖ ਰੱਖਣਗੇ।

## ਬੰਗਾਲ 'ਚ ਦੂਜੇ ਪੜਾਅ ਦੌਰਾਨ

ਨੇ ਸਿਆਸੀ ਪਾਰਟੀਆਂ ਵੱਲੋਂ ਵੱਖ-ਵੱਖ ਕਿਆਸਰਾਈਆਂ ਨੂੰ ਜਨਮ ਦਿੱਤਾ ਹੈ, ਜਿਨ੍ਹਾਂ ਵਿੱਚੋਂ ਹਰ ਕੋਈ ਇਸ ਨੂੰ ਆਪਣੇ ਪੱਖ ਵਿੱਚ ਇੱਕ ਅਨੁਕੂਲ ਸੰਕੇਤ ਵਜੋਂ ਦੇਖ ਰਿਹਾ ਹੈ। ਪਹਿਲੇ ਪੜਾਅ ਵਿੱਚ ਪਹਿਲਾਂ ਹੀ 91.78 ਫੀਸਦੀ ਵੋਟਿੰਗ ਦੇ ਨਾਲ ਇੱਕ ਰਿਕਾਰਡ ਕਾਇਮ ਹੋ ਚੁੱਕਾ ਸੀ। ਉਸ ਦੌਰ ਤੋਂ ਬਾਅਦ ਤ੍ਰਿਣਮੂਲ ਕਾਂਗਰਸ ਨੇ ਦਾਅਵਾ ਕੀਤਾ ਸੀ ਕਿ ਉਹ ਚੋਣ ਲੜੀਆਂ ਗਈਆਂ 152 ਸੀਟਾਂ ਵਿੱਚੋਂ ਘੱਟੋ-ਘੱਟ 100 ਸੀਟਾਂ ਜਿੱਤਣ ਦੇ ਰਾਹ 'ਤੇ ਹੈ, ਜਦੋਂ ਕਿ ਭਾਜਪਾ ਨੇ ਭਰੋਸਾ ਜਤਾਇਆ ਸੀ ਕਿ ਉਹ ਲੱਗਭੱਗ 110 ਸੀਟਾਂ ਹਾਸਲ ਕਰੇਗੀ।

## ਆਸਾਮ 'ਚ ਭਾਜਪਾ ਦਾ ਦਬਦਬਾ, ਕੇਰਲਾ 'ਚ

ਤਾਮਿਲਨਾਡੂ ਵਿੱਚ 'ਪੀਪਲਜ਼ ਪਲਸ' ਦੇ ਅੰਕੜਿਆਂ ਮੁਤਾਬਕ ਡੀ.ਐੱਮ.ਕੇ. 125-145 ਸੀਟਾਂ ਲੈ ਕੇ ਸਭ ਤੋਂ ਅੱਗੇ ਰਹਿ ਸਕਦੀ ਹੈ, ਜਦਕਿ ਏ.ਆਈ.ਏ.ਡੀ.ਐੱਮ.ਕੇ. ਨੂੰ 65-80 ਅਤੇ ਟੀ.ਵੀ.ਕੇ. ਨੂੰ 18-24 ਸੀਟਾਂ ਮਿਲਣ ਦਾ ਅਨੁਮਾਨ ਹੈ।
ਇਸ ਤੋਂ ਪਹਿਲਾਂ ਪੱਛਮੀ ਬੰਗਾਲ ਵਿਧਾਨ ਸਭਾ ਚੋਣਾਂ ਦੇ ਦੂਜੇ ਪੜਾਅ ਵਿੱਚ ਵੋਟਰਾਂ ਦੀ ਭਾਰੀ ਸ਼ਮੂਲੀਅਤ ਦਰਜ ਕੀਤੀ ਗਈ ਹੈ। ਚੋਣ ਕਮਿਸ਼ਨ ਦੇ ਅੰਕੜਿਆਂ ਅਨੁਸਾਰ ਸ਼ਾਮ 5 ਵਜੇ ਤੱਕ 89.99 ਫੀਸਦੀ ਵੋਟਾਂ ਦਾ ਭੁਗਤਾਨ ਹੋ ਚੁੱਕਿਆ। ਜ਼ਿਲ੍ਹੇਵਾਰ ਅੰਕੜਿਆਂ ਅਨੁਸਾਰ ਪੂਰਬਾ ਬਰਧਮਾਨ 92.46 ਫੀਸਦੀ ਵੋਟਿੰਗ ਨਾਲ ਸਭ ਤੋਂ ਅੱਗੇ ਰਿਹਾ, ਜਿਸ ਤੋਂ ਬਾਅਦ ਹੁਗਲੀ 90.34 ਫੀਸਦੀ, ਨਾਦੀਆ 90.28 ਫੀਸਦੀ, ਹਾਵੜਾ 89.44 ਫੀਸਦੀ ਅਤੇ ਉੱਤਰੀ 24 ਪਰਗਨਾ ਦਾ ਨੰਬਰ ਆਉਂਦਾ ਹੈ। ਦੱਖਣੀ 24 ਪਰਗਨਾ ਵਿੱਚ ਵੀ ਜ਼ੋਰਦਾਰ ਸ਼ਮੂਲੀਅਤ ਦੇਖਣ ਨੂੰ ਮਿਲੀ, ਜਿੱਥੇ ਇਸਦੇ ਹਿੱਸਿਆਂ ਵਿੱਚ 89.74 ਫੀਸਦੀ ਅਤੇ 89.57 ਫੀਸਦੀ ਵੋਟਿੰਗ ਦਰਜ ਕੀਤੀ ਗਈ।
ਵੋਟਾਂ ਦੀ ਅਸਧਾਰਨ ਤੌਰ 'ਤੇ ਉੱਚੀ ਪ੍ਰਤੀਸ਼ਤਤਾ ਨੇ ਸਿਆਸੀ ਪਾਰਟੀਆਂ ਵੱਲੋਂ ਵੱਖ-ਵੱਖ ਕਿਆਸਰਾਈਆਂ ਨੂੰ ਜਨਮ ਦਿੱਤਾ ਹੈ, ਜਿਨ੍ਹਾਂ ਵਿੱਚੋਂ ਹਰ ਕੋਈ ਇਸ ਨੂੰ ਆਪਣੇ ਪੱਖ ਵਿੱਚ ਇੱਕ ਅਨੁਕੂਲ ਸੰਕੇਤ ਵਜੋਂ ਦੇਖ ਰਿਹਾ ਹੈ। ਪਹਿਲੇ ਪੜਾਅ ਵਿੱਚ ਪਹਿਲਾਂ ਹੀ 91.78 ਫੀਸਦੀ ਵੋਟਿੰਗ ਦੇ ਨਾਲ ਇੱਕ ਰਿਕਾਰਡ ਕਾਇਮ ਹੋ ਚੁੱਕਾ ਸੀ। ਉਸ ਦੌਰ ਤੋਂ ਬਾਅਦ ਤ੍ਰਿਣਮੂਲ ਕਾਂਗਰਸ ਨੇ ਦਾਅਵਾ ਕੀਤਾ ਸੀ ਕਿ ਉਹ ਚੋਣ ਲੜੀਆਂ ਗਈਆਂ 152 ਸੀਟਾਂ ਵਿੱਚੋਂ ਘੱਟੋ-ਘੱਟ 100 ਸੀਟਾਂ ਜਿੱਤਣ ਦੇ ਰਾਹ 'ਤੇ ਹੈ, ਜਦੋਂ ਕਿ ਭਾਜਪਾ ਨੇ ਭਰੋਸਾ ਜਤਾਇਆ ਸੀ ਕਿ ਉਹ ਲੱਗਭੱਗ 110 ਸੀਟਾਂ ਹਾਸਲ ਕਰੇਗੀ।
ਪੱਛਮੀ ਬੰਗਾਲ ਐਗਜ਼ਿਟ ਪੋਲ ਦੇ ਅੰਕੜੇ: ਵੱਖ-ਵੱਖ ਏਜੰਸੀਆਂ ਦੇ ਅਨੁਮਾਨਾਂ ਤਹਿਤ ਪੱਛਮੀ ਬੰਗਾਲ ਵਿੱਚ ਪੀਪਲਜ਼ ਪਲਸ ਨੇ ਤ੍ਰਿਣਮੂਲ ਕਾਂਗਰਸ (ÓOMC) ਨੂੰ 177 ਤੋਂ 187 ਸੀਟਾਂ ਮਿਲਣ ਦਾ ਅਨੁਮਾਨ ਪ੍ਰਗਟਾਇਆ ਹੈ। ਉੱਥੇ ਹੀ ਭਾਰਤੀ ਜਨਤਾ ਪਾਰਟੀ (ਭਾਜਪਾ) ਨੂੰ 95 ਤੋਂ 110 ਸੀਟਾਂ ਮਿਲਣ ਦੀ ਗੱਲ ਕਹੀ ਗਈ ਹੈ। ਦੂਜੇ ਪਾਸੇ ਮੈਟ੍ਰਿਜ਼ ਦੇ ਐਗਜ਼ਿਟ ਪੋਲ ਵਿੱਚ ਭਾਜਪਾ ਨੂੰ 146 ਤੋਂ 161 ਸੀਟਾਂ ਮਿਲਣ ਦੀ ਗੱਲ ਕਹੀ ਗਈ ਹੈ, ਜਦੋਂ ਕਿ ÓOMC ਨੂੰ 125 ਤੋਂ 140 ਸੀਟਾਂ ਮਿਲਣ ਦਾ ਅਨੁਮਾਨ ਹੈ। ਬੰਗਾਲ ਵਿੱਚ ਪਰਜਾ ਪੋਲ ਅਨੁਸਾਰ ਭਾਜਪਾ ਨੂੰ 177 ਸੀਟਾਂ ਮਿਲਣ ਦਾ ਅਨੁਮਾਨ ਹੈ ਅਤੇ ÓOMC ਨੂੰ 100 ਸੀਟਾਂ ਮਿਲ ਸਕਦੀਆਂ ਹਨ। ਪੀ-ਮਾਰਕ ਦੇ ਐਗਜ਼ਿਟ ਪੋਲ ਵਿੱਚ ਭਾਜਪਾ ਨੂੰ 150 ਤੋਂ 175 ਅਤੇ ÓOMC ਨੂੰ 118 ਤੋਂ 138 ਸੀਟਾਂ ਦਿੱਤੀਆਂ ਗਈਆਂ ਹਨ।

## ਗ੍ਰੇਟ ਨਿਕੋਬਾਰ ਪ੍ਰੋਜੈਕਟ ਸਭ ਤੋਂ

ਇਸ ਟਾਪੂ ਦੇ ਲੋਕ ਵੀ ਓਨੇ ਹੀ ਖੂਬਸੂਰਤ ਹਨ - ਭਾਵੇਂ ਉਹ ਆਦਿਵਾਸੀ ਭਾਈਚਾਰੇ ਦੇ ਹੋਣ ਜਾਂ ਵਸਨੀਕ, ਪਰ ਉਨ੍ਹਾਂ ਤੋਂ ਉਹ ਸਭ ਕੁਝ ਖੋਹਿਆ ਜਾ ਰਿਹਾ ਹੈ ਜੋ ਹੱਕੀ ਤੌਰ 'ਤੇ ਉਨ੍ਹਾਂ ਦਾ ਹੈ। ਉਨ੍ਹਾਂ ਅੱਗੇ ਕਿਹਾ, ਸਰਕਾਰ ਜਿਸ ਨੂੰ ਇੱਥੇ 'ਪ੍ਰੋਜੈਕਟ' ਕਹਿ ਰਹੀ ਹੈ, ਜੋ ਮੈਂ ਦੇਖਿਆ ਹੈ ਉਹ ਪ੍ਰੋਜੈਕਟ ਨਹੀਂ ਹੈ। ਇਹ ਲੱਖਾਂ ਦਰੱਖਤ ਹਨ ਜਿਨ੍ਹਾਂ 'ਤੇ ਕੁਹਾੜੀ ਚੱਲਣੀ ਤੈਅ ਹੈ। ਇਹ 160 ਵਰਗ ਕਿਲੋਮੀਟਰ ਦਾ ਰੇਨਫੋਰੈਸਟ ਹੈ, ਜਿਸ ਨੂੰ ਮਰਨ ਲਈ ਮਜਬੂਰ ਕੀਤਾ ਗਿਆ ਹੈ। ਇਹ ਉਹ ਭਾਈਚਾਰੇ ਹਨ, ਜਿਨ੍ਹਾਂ ਨੂੰ ਨਜ਼ਰਅੰਦਾਜ਼ ਕੀਤਾ ਗਿਆ ਹੈ ਜਦੋਂ ਕਿ ਉਨ੍ਹਾਂ ਦੇ ਘਰ ਖੋਹ ਲਏ ਗਏ ਹਨ। ਇਹ ਵਿਕਾਸ ਨਹੀਂ ਹੈ। ਇਹ ਵਿਕਾਸ ਦੀ ਭਾਸ਼ਾ ਵਿੱਚ ਲਿਪਟੀ ਤਬਾਹੀ ਹੈ। ਕੇਂਦਰ ਸਰਕਾਰ ਦਾ ਕਹਿਣਾ ਹੈ ਕਿ 81,000 ਕਰੋੜ ਰੁਪਏ ਦਾ ਇਹ ਪ੍ਰੋਜੈਕਟ, ਜਿਸ ਵਿੱਚ ਇੱਕ ਟ੍ਰਾਂਸਸ਼ਿਪਮੈਂਟ ਟਰਮੀਨਲ, ਇੱਕ ਪਾਵਰ ਪਲਾਂਟ ਅਤੇ ਇੱਕ ਟਾਊਨਸ਼ਿਪ ਸ਼ਾਮਲ ਹੈ, ਸਮੁੰਦਰੀ ਵਪਾਰ, ਕਨੈਕਟੀਵਿਟੀ ਅਤੇ ਸੁਰੱਖਿਆ ਨੂੰ ਹੁਲਾਰਾ ਦੇਵੇਗਾ, ਜੋ ਦੇਸ਼ ਦੇ ਭੂ-ਰਣਨੀਤਕ ਅਤੇ ਆਰਥਿਕ ਹਿੱਤਾਂ ਨੂੰ ਉਤਸ਼ਾਹਿਤ ਕਰਨ ਵਿੱਚ ਮੱਦਦਗਾਰ ਸਾਬਤ ਹੋਵੇਗਾ। ਮੰਗਲਵਾਰ ਨੂੰ ਗਾਂਧੀ ਇਸ ਪ੍ਰੋਜੈਕਟ ਦੇ ਖਿਲਾਫ ਕਬਾਇਲੀ ਆਗੂਆਂ ਨੂੰ ਮਿਲਣ ਲਈ ਨਿਕੋਬਾਰ ਜ਼ਿਲ੍ਹੇ ਦੇ ਕੈਂਪਬੈਲ ਬੇਅ ਗਏ ਸਨ। ਕਬਾਇਲੀ ਭਾਈਚਾਰਿਆਂ ਦਾ ਇੱਕ ਹਿੱਸਾ ਪਾਰਦਰਸ਼ਤਾ ਦੀ ਘਾਟ, ਵਾਤਾਵਰਣ ਦੇ ਖਤਰਿਆਂ ਅਤੇ ਕੇਂਦਰ ਸਰਕਾਰ ਦੁਆਰਾ ਕਬਾਇਲੀ ਅਧਿਕਾਰਾਂ ਦੀ ਲਗਾਤਾਰ ਅਣਦੇਖੀ ਦਾ ਦੋਸ਼ ਲਗਾ ਰਿਹਾ ਹੈ। 26 ਅਪਰੈਲ ਨੂੰ ਅੰਡੇਮਾਨ ਅਤੇ ਨਿਕੋਬਾਰ ਟਾਪੂ ਪਹੁੰਚੇ ਰਾਹੁਲ ਗਾਂਧੀ ਨੇ ਕੇਂਦਰ ਸ਼ਾਸਤ ਪ੍ਰਦੇਸ਼ ਵਿੱਚ ਕਾਰਪੋਰੇਟ ਪ੍ਰਭਾਵ ਦੀ ਵੀ ਆਲੋਚਨਾ ਕੀਤੀ ਅਤੇ ਜ਼ੋਰ ਦਿੱਤਾ ਕਿ ਵਿਕਾਸ ਵਿੱਚ ਕਾਰਪੋਰੇਟ ਹਿੱਤਾਂ ਦੀ ਬਜਾਏ ਸਥਾਨਕ ਲੋਕਾਂ ਦੀਆਂ ਲੋੜਾਂ ਨੂੰ ਪਹਿਲ ਦਿੱਤੀ ਜਾਣੀ ਚਾਹੀਦੀ ਹੈ। ਆਪਣੀ ਫੇਰੀ ਦੌਰਾਨ ਉਨ੍ਹਾਂ ਨੇ ਨਿਕੋਬਾਰੀ ਕਬਾਇਲੀ ਭਾਈਚਾਰੇ ਦੇ ਮੈਂਬਰਾਂ ਨਾਲ ਗੱਲਬਾਤ ਕੀਤੀ ਅਤੇ ਸੈਟਲਰ ਭਾਈਚਾਰੇ ਦੇ ਮੈਂਬਰਾਂ ਨਾਲ ਵੀ ਮੁਲਾਕਾਤ ਕੀਤੀ। ਉਨ੍ਹਾਂ ਨੇ ਇੰਦਰਾ ਪੁਆਇੰਟ ਦਾ ਦੌਰਾ ਵੀ ਕੀਤਾ ਅਤੇ ਸਾਬਕਾ ਪ੍ਰਧਾਨ ਮੰਤਰੀ ਸਵਰਗੀ ਇੰਦਰਾ ਗਾਂਧੀ ਨੂੰ ਸ਼ਰਧਾਂਜਲੀ ਭੇਟ ਕੀਤੀ। ਕਬਾਇਲੀ ਭਾਈਚਾਰਿਆਂ ਨੇ ਦੋਸ਼ ਲਾਇਆ ਕਿ ਪ੍ਰਸਤਾਵਿਤ ਪ੍ਰੋਜੈਕਟ ਕਾਰਨ ਉਨ੍ਹਾਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਮੰਗ ਕੀਤੀ ਕਿ ਕੇਂਦਰ ਸਰਕਾਰ ਉਨ੍ਹਾਂ ਦੀਆਂ ਚਿੰਤਾਵਾਂ ਨੂੰ ਧਿਆਨ ਵਿੱਚ ਰੱਖੇ।

## ਪੰਜ ਸੂਬਿਆਂ ਦੀਆਂ ਵਿਧਾਨ ਸਭਾ ਚੋਣਾਂ 'ਚ

ਰਾਸ਼ਟਰੀ ਲੋਕਤੰਤਰੀ ਗਠਜੋੜ (ਐਨ.ਡੀ.ਏ.) ਨੇ ਸ਼ਾਨਦਾਰ ਜਿੱਤ ਦਰਜ ਕਰਕੇ ਇਤਿਹਾਸ ਰਚਿਆ ਸੀ। ਉਨ੍ਹਾਂ ਦੱਸਿਆ ਕਿ ਕੱਲ੍ਹ ਹੀ ਗੁਜਰਾਤ ਵਿੱਚ ਨਗਰ ਨਿਗਮ, ਨਗਰ ਪ੍ਰੀਸ਼ਦ, ਜ਼ਿਲ੍ਹਾ ਪੰਚਾਇਤ, ਨਗਰ ਪ੍ਰੀਸ਼ਦ ਅਤੇ ਤਹਿਸੀਲ ਪੰਚਾਇਤ ਚੋਣਾਂ ਦੇ ਨਤੀਜੇ ਐਲਾਨੇ ਗਏ ਹਨ, ਜਿਸ ਵਿੱਚ ਭਾਜਪਾ ਨੇ ਸਥਾਨਕ ਸੰਸਥਾਵਾਂ ਅਤੇ ਪੰਚਾਇਤਾਂ ਵਿੱਚੋਂ 80 ਤੋਂ 85 ਪ੍ਰਤੀਸ਼ਤ ਜਿੱਤ ਪ੍ਰਾਪਤ ਕੀਤੀ ਹੈ।
ਇਸ ਸੰਦਰਭ ਵਿੱਚ ਉਨ੍ਹਾਂ ਨੇ ਅਸਾਮ,

# ਪਹਿਲੇ ਸਫ਼ੇ ਦੀ ਬਾਕੀ

ਕੇਰਲ, ਪੁਡੂਚੇਰੀ, ਤਾਮਿਲਨਾਡੂ ਅਤੇ ਪੱਛਮੀ ਬੰਗਾਲ ਵਿੱਚ ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਦੀ ਜਿੱਤ ਦੀ ਹੈਟ੍ਰਿਕ ਨੂੰ ਦੁਹਰਾਇਆ। ਪੱਛਮੀ ਬੰਗਾਲ ਵਿੱਚ ਚੱਲ ਰਹੇ ਦੂਜੇ ਪੜਾਅ ਦੇ ਮਤਦਾਨ ਦਾ ਹਵਾਲਾ ਦਿੰਦੇ ਪ੍ਰਧਾਨ ਮੰਤਰੀ ਨੇ ਕਿਹਾ, 'ਅੱਜ ਲੋਕਤੰਤਰ ਦੇ ਜਸ਼ਨ ਵਿੱਚ ਇੱਕ ਮਹੱਤਵਪੂਰਨ ਦਿਨ ਹੈ। ਬੰਗਾਲ ਵਿੱਚ ਇਸ ਸਮੇਂ ਦੂਜੇ ਪੜਾਅ ਦੀ ਵੋਟਿੰਗ ਚੱਲ ਰਹੀ ਹੈ ਅਤੇ ਰਿਪੋਰਟਾਂ ਤੋਂ ਪਤਾ ਚੱਲਦਾ ਹੈ ਕਿ ਵੋਟਰਾਂ ਦੀ ਭਾਰੀ ਗਿਣਤੀ ਵਿੱਚ ਵੋਟਿੰਗ ਹੋਈ ਹੈ।' ਉਨ੍ਹਾਂ ਕਿਹਾ ਕਿ ਪਹਿਲੇ ਪੜਾਅ ਵਾਂਗ ਲੋਕ ਦੂਜੇ ਪੜਾਅ ਵਿੱਚ ਵੋਟ ਪਾਉਣ ਲਈ ਵੱਡੀ ਗਿਣਤੀ ਵਿੱਚ ਆਪਣੇ ਘਰਾਂ ਤੋਂ ਬਾਹਰ ਆ ਰਹੇ ਹਨ; ਪੋਲਿੰਗ ਸਟੇਸ਼ਨਾਂ 'ਤੇ ਲੰਬੀਆਂ ਕਤਾਰਾਂ ਦੀਆਂ ਤਸਵੀਰਾਂ ਸੋਸ਼ਲ ਮੀਡੀਆ 'ਤੇ ਘੁੰਮ ਰਹੀਆਂ ਹਨ।

ਪੱਛਮੀ ਬੰਗਾਲ ਦੇ ਲੋਕਾਂ ਦਾ ਧੰਨਵਾਦ ਕਰਦੇ ਹੋਏ ਮੋਦੀ ਨੇ ਕਿਹਾ ਕਿ ਇਸ ਵਾਰ ਬੰਗਾਲ ਵਿੱਚ ਵੋਟਿੰਗ ਇੱਕ ਨਿਡਰ ਮਾਹੌਲ ਵਿੱਚ ਹੋ ਰਹੀ ਹੈ, ਅਜਿਹਾ ਕੁਝ ਜੋ ਪਿਛਲੇ ਛੇ ਦਹਾਕਿਆਂ ਵਿੱਚ ਨਹੀਂ ਹੋਇਆ ਸੀ ਅਤੇ ਕਲਪਨਾ ਕਰਨਾ ਵੀ ਮੁਸ਼ਕਲ ਸੀ। ਲੋਕ ਨਿਡਰ ਹੋ ਕੇ ਵੋਟ ਪਾ ਰਹੇ ਹਨ, ਜੋ ਕਿ ਦੇਸ਼ ਦੇ ਸੰਵਿਧਾਨ ਅਤੇ ਲੋਕਤੰਤਰ ਦੀ ਮਜ਼ਬੂਤੀ ਦਾ ਪ੍ਰਤੀਕ ਹੈ।

ਗੰਗਾ ਐਕਸਪ੍ਰੈਸਵੇਅ ਬਾਰੇ ਉਨ੍ਹਾਂ ਕਿਹਾ ਕਿ ਉਹ ਖੁਸ਼ ਹਨ ਕਿ ਉੱਤਰ ਪ੍ਰਦੇਸ਼ ਸਰਕਾਰ ਨੇ ਇਸ ਹਾਈਵੇਅ ਦਾ ਨਾਮ 'ਮਾਂ ਗੰਗਾ' ਰੱਖਿਆ ਹੈ। ਇਹ ਵਿਕਾਸ ਲਈ ਸਾਡੇ ਦ੍ਰਿਸ਼ਟੀਕੋਣ ਨੂੰ ਦਰਸਾਉਂਦਾ ਹੈ ਅਤੇ ਸਾਡੀ ਵਿਰਾਸਤ ਨੂੰ ਦਰਸਾਉਂਦਾ ਹੈ। ਉਨ੍ਹਾਂ ਨੇ ਇਸ ਹਾਈਵੇਅ ਦੇ ਉਦਘਾਟਨ 'ਤੇ ਰਾਜ ਦੇ ਲੋਕਾਂ ਨੂੰ ਵਧਾਈ ਦਿੱਤੀ।

## ਪ੍ਰਧਾਨ ਮੰਤਰੀ ਵੱਲੋਂ ਛੇ-ਮਾਰਗੀ ਗੰਗਾ ਐਕਸਪ੍ਰੈਸਵੇਅ

ਐਕਸਪ੍ਰੈਸਵੇਅ ਇੱਕ 594 ਕਿਲੋਮੀਟਰ ਲੰਬਾ, ਛੇ-ਮਾਰਗੀ (ਅੱਠ ਮਾਰਗਾਂ ਤੱਕ ਵਧਣਯੋਗ), ਐਕਸੈਸ-ਕੰਟਰੋਲਡ ਗ੍ਰੀਨਫੀਲਡ ਹਾਈ-ਸਪੀਡ ਕਾਰੀਡੋਰ ਹੈ। ਇਹ ਐਕਸਪ੍ਰੈਸਵੇਅ 12 ਜ਼ਿਲ੍ਹਿਆਂ - ਮੇਰਠ, ਬੁਲੰਦਸ਼ਹਿਰ, ਹਾਪੁੜ, ਅਮਰੋਹਾ, ਸੰਭਲ, ਬਦਾਊਂ, ਸ਼ਾਹਜਹਾਂਪੁਰ, ਹਰਦੋਈ, ਉਨਾਓ, ਰਾਏਬਰੇਲੀ, ਪ੍ਰਤਾਪਗੜ੍ਹ ਅਤੇ ਪ੍ਰਯਾਗਰਾਜ ਵਿੱਚੋਂ ਲੰਘਦਾ ਹੈ—ਜਿਸ ਨਾਲ ਉੱਤਰ ਪ੍ਰਦੇਸ਼ ਦੇ ਪੱਛਮੀ, ਮੱਧ ਅਤੇ ਪੂਰਬੀ ਖੇਤਰਾਂ ਨੂੰ ਇੱਕ ਨਿਰਵਿਘਨ ਹਾਈ-ਸਪੀਡ ਕਾਰੀਡੋਰ ਰਾਹੀਂ ਜੋੜਿਆ ਗਿਆ ਹੈ।
ਇਸ ਪ੍ਰੋਜੈਕਟ ਨਾਲ ਮੇਰਠ ਅਤੇ ਪ੍ਰਯਾਗਰਾਜ ਵਿਚਕਾਰ ਸਫ਼ਰ ਦਾ ਸਮਾਂ ਮੌਜੂਦਾ 10-12 ਘੰਟਿਆਂ ਤੋਂ ਘਟ ਕੇ ਲਗਪਗ ਛੇ ਘੰਟੇ ਰਹਿ ਜਾਣ ਦੀ ਉਮੀਦ ਹੈ, ਜਿਸ ਨਾਲ ਆਵਾਜਾਈ ਵਿੱਚ ਆਸਾਨੀ ਅਤੇ ਕੁਸ਼ਲਤਾ ਵਧੇਗੀ। ਇਸ ਪ੍ਰੋਜੈਕਟ ਦੀ ਇੱਕ ਮੁੱਖ ਵਿਸ਼ੇਸ਼ਤਾ ਸ਼ਾਹਜਹਾਂਪੁਰ ਜ਼ਿਲ੍ਹੇ ਵਿੱਚ 3.5 ਕਿਲੋਮੀਟਰ ਲੰਬੀ ਐਮਰਜੈਂਸੀ ਲੈਂਡਿੰਗ ਸੁਵਿਧਾ (ਹਵਾਈ ਪੱਟੀ) ਦਾ ਹੋਣਾ ਹੈ। ਇਹ ਦੋਹਰੀ ਵਰਤੋਂ ਵਾਲਾ ਬੁਨਿਆਦੀ ਢਾਂਚਾ ਰਾਸ਼ਟਰੀ ਸੁਰੱਖਿਆ ਦੀ ਤਿਆਰੀ ਨੂੰ ਵਧਾਉਂਦਾ ਹੈ ਅਤੇ ਆਰਥਿਕ ਲਾਭਾਂ ਤੋਂ ਇਲਾਵਾ ਰਣਨੀਤਕ ਮਹੱਤਵ ਵੀ ਜੋੜਦਾ ਹੈ।
ਗੰਗਾ ਐਕਸਪ੍ਰੈਸਵੇਅ ਦੀ ਕਲਪਨਾ ਇੱਕ ਪ੍ਰਮੁੱਖ ਆਰਥਿਕ ਲਾਂਘੇ ਵਜੋਂ ਕੀਤੀ ਗਈ ਹੈ, ਜਿਸ ਵਿੱਚ ਇਸ ਦੇ ਨਾਲ ਲੱਗਦੇ 12 ਜ਼ਿਲ੍ਹਿਆਂ ਵਿੱਚ ਲੱਗਭੱਗ 2,635 ਹੈਕਟੇਅਰ ਖੇਤਰ ਵਿੱਚ ਏਕੀਕ੍ਰਿਤ ਨਿਰਮਾਣ ਅਤੇ ਲੌਜਿਸਟਿਕਸ ਕਾਰੀਡੋਰ ਵਿਕਸਤ ਕੀਤੇ ਜਾਣਗੇ।

ਪੀ.ਐੱਮ.ਓ. ਵੱਲੋਂ ਜਾਰੀ ਪ੍ਰੈਸ ਬਿਆਨ ਵਿੱਚ ਕਿਹਾ ਗਿਆ ਹੈ ਕਿ ਐਕਸਪ੍ਰੈਸਵੇਅ ਲੌਜਿਸਟਿਕ ਲਾਗਤਾਂ ਨੂੰ ਘਟਾਏਗਾ, ਸਪਲਾਈ ਚੇਨ ਦੀ ਕੁਸ਼ਲਤਾ ਵਿੱਚ ਸੁਧਾਰ ਕਰੇਗਾ ਅਤੇ ਨਿਰਮਾਣ ਮੁਕਾਬਲੇਬਾਜ਼ੀ ਨੂੰ ਹੁਲਾਰਾ ਦੇਵੇਗਾ।
ਇਸ ਪ੍ਰੋਜੈਕਟ ਦਾ ਉਦੇਸ਼ ਕਿਸਾਨਾਂ ਨੂੰ ਸ਼ਹਿਰੀ ਅਤੇ ਨਿਰਯਾਤ ਬਾਜ਼ਾਰਾਂ ਤੱਕ ਸਿੱਧੀ ਪਹੁੰਚ ਪ੍ਰਦਾਨ ਕਰਨਾ ਹੈ, ਜਿਸ ਨਾਲ ਕੀਮਤਾਂ ਦੀ ਬਿਹਤਰ ਪ੍ਰਾਪਤੀ ਅਤੇ ਪੇਂਡੂ ਆਮਦਨ ਵਿੱਚ ਵਾਧਾ ਹੋਵੇਗਾ। ਇਸ ਪ੍ਰੋਜੈਕਟ ਨਾਲ ਸੈਰ-ਸਪਾਟੇ ਨੂੰ ਹੁਲਾਰਾ ਮਿਲਣ ਅਤੇ ਖੇਤਰ ਵਿੱਚ ਸਿੱਧੇ ਤੇ ਅਸਿੱਧੇ ਰੁਜ਼ਗਾਰ ਦੇ ਮੌਕੇ ਪੈਦਾ ਹੋਣ ਦੀ ਵੀ ਉਮੀਦ ਹੈ।

ਇਹ ਐਕਸਪ੍ਰੈਸਵੇਅ ਰਾਜ ਵਿੱਚ ਇੱਕ ਵਿਸ਼ਾਲ ਐਕਸਪ੍ਰੈਸਵੇਅ ਨੈੱਟਵਰਕ ਲਈ ਰੀੜ੍ਹ ਦੀ ਹੱਡੀ ਵਜੋਂ ਵੀ ਕੰਮ ਕਰੇਗਾ, ਜਿਸ ਵਿੱਚ ਆਗਰਾ-ਲਖਨਊ ਐਕਸਪ੍ਰੈਸਵੇਅ, ਜੇਵਰ ਲਿੰਕ ਐਕਸਪ੍ਰੈਸਵੇਅ, ਫਰੂਖਾਬਾਦ ਲਿੰਕ ਐਕਸਪ੍ਰੈਸਵੇਅ ਅਤੇ ਮੇਰਠ ਤੋਂ ਹਰਿਦੁਆਰ ਤੱਕ ਪ੍ਰਸਤਾਵਿਤ ਵਿਸਤਾਰ ਸਮੇਤ ਕਈ ਲਿੰਕ ਕਾਰੀਡੋਰ ਜਾਂ ਤਾਂ ਚਾਲੂ ਹਨ ਜਾਂ ਯੋਜਨਾਬੱਧ ਹਨ।

## 'ਆਪ' ਵਿਧਾਇਕ ਜਨਤਾ ਦੇ ਸੰਪਰਕ 'ਚ

ਜਦੋਂ ਹਾਲ ਹੀ ਵਿੱਚ 'ਆਪ' ਦੇ ਸੱਤ ਰਾਜ ਸਭਾ ਮੈਂਬਰ ਭਾਜਪਾ ਵਿੱਚ ਸ਼ਾਮਲ ਹੋ ਗਏ ਹਨ। ਇਸ ਮੀਟਿੰਗ ਤੋਂ ਪਹਿਲਾਂ 'ਆਪ' ਆਗੂਆਂ ਨੇ ਭਾਜਪਾ ਵਿੱਚ ਗਏ ਇਨ੍ਹਾਂ ਸੰਸਦ ਮੈਂਬਰਾਂ ਦੇ ਘਰਾਂ ਅਤੇ ਦਫ਼ਤਰਾਂ ਦੇ ਬਾਹਰ ਪ੍ਰਦਰਸ਼ਨ ਕੀਤੇ ਸਨ ਅਤੇ ਘਰਾਂ ਦੀਆਂ ਕੰਧਾਂ ਉੱਤੇ ਗੱਦਾਰ ਵੀ ਲਿਖ ਦਿੱਤਾ ਸੀ। ਜਦੋਂ ਸਿਸੋਦੀਆ ਤੋਂ ਪੁੱਛਿਆ ਗਿਆ ਕਿ ਕੀ 'ਆਪ' ਵਿਧਾਇਕ ਦੂਜੀਆਂ ਪਾਰਟੀਆਂ ਨਾਲ ਸੰਪਰਕ ਵਿੱਚ ਹਨ, ਤਾਂ ਉਨ੍ਹਾਂ ਜਵਾਬ ਦਿੱਤਾ, ਸਾਡੇ ਵਿਧਾਇਕ ਹਰ ਕਿਸੇ ਦੇ ਸੰਪਰਕ ਵਿੱਚ ਹਨ ਪਰ ਉਹ ਮੁੱਖ ਤੌਰ 'ਤੇ ਜਨਤਾ ਦੇ ਸੰਪਰਕ ਵਿੱਚ ਹਨ, ਜਿਨ੍ਹਾਂ ਨੇ ਉਨ੍ਹਾਂ ਨੂੰ ਆਪਣੇ ਨੁਮਾਇੰਦੇ ਚੁਣਿਆ ਹੈ। ਉਨ੍ਹਾਂ ਨੇ ਪਿਛਲੇ ਚਾਰ ਸਾਲਾਂ ਤੋਂ ਜਨਤਾ ਲਈ ਦਿਨ-ਰਾਤ ਮਿਹਨਤ ਕੀਤੀ ਹੈ ਅਤੇ ਅਗਲੇ ਇੱਕ ਸਾਲ ਵੀ ਇਸੇ ਤਰ੍ਹਾਂ ਸੇਵਾ ਕਰਦੇ ਰਹਿਣਗੇ। ਜਦੋਂ ਸਿਸੋਦੀਆ ਤੋਂ ਇੱਕ ਸਵਾਲ ਵਿੱਚ ਪੁੱਛਿਆ ਗਿਆ ਕਿ ਕੀ ਪਾਰਟੀ ਛੱਡਣ ਵਾਲੇ ਸੰਸਦ ਮੈਂਬਰਾਂ ਜਿਵੇਂ ਰਾਘਵ ਚੱਢਾ ਜਾਂ ਸੰਦੀਪ ਪਾਠਕ ਦੇ ਕਰੀਬੀ ਆਗੂ ਵੀ 'ਆਪ' ਨੂੰ ਅਲਵਿਦਾ ਕਹਿ ਸਕਦੇ ਹਨ, ਤਾਂ ਉਨ੍ਹਾਂ ਕਿਹਾ, ਆਮ ਆਦਮੀ ਪਾਰਟੀ ਦਾ ਵਰਕਰ ਕਿਸੇ ਇੱਕ ਆਗੂ ਜਾਂ ਵਿਧਾਇਕ ਪਿੱਛੇ ਨਹੀਂ ਚੱਲਦਾ, ਸਗੋਂ ਉਹ ਸਰਕਾਰ ਦੇ ਕੰਮਾਂ ਨੂੰ ਦੇਖਦਾ ਹੈ। ਉਹ ਦੇਖਦਾ ਹੈ ਕਿ ਸਰਕਾਰ ਸਿਹਤ, ਨੌਕਰੀਆਂ, ਬਿਜਲੀ ਅਤੇ ਕਿਸਾਨਾਂ ਲਈ ਚੰਗੇ ਕੰਮ ਕਰ ਰਹੀ ਹੈ। ਮੁੱਖ ਮੰਤਰੀ ਮਾਨ ਦੀ ਅਗਵਾਈ ਵਿੱਚ 'ਆਪ' ਨੇ ਕੁਝ ਹੀ ਸਾਲਾਂ ਵਿੱਚ ਉਹ ਕੰਮ ਕਰ ਦਿੱਤੇ ਹਨ, ਜੋ ਦੂਜੀਆਂ ਸਰਕਾਰਾਂ 75 ਸਾਲਾਂ ਵਿੱਚ ਵੀ ਨਹੀਂ ਕਰ ਸਕੀਆਂ ਸਨ।' 'ਆਪ' ਆਗੂਆਂ ਦੇ ਚੱਢਾ ਅਤੇ ਪਾਠਕ ਦੇ ਸੰਪਰਕ ਵਿੱਚ ਹੋਣ ਦੇ ਭਾਜਪਾ ਦੇ ਦਾਅਵਿਆਂ ਦਾ ਜਵਾਬ ਦਿੰਦਿਆਂ ਸਿਸੋਦੀਆ ਨੇ ਕਿਹਾ,ਭਾਜਪਾ ਇੱਕ ਬਹੁਤ ਹੀ ਘਟੀਆ ਪਾਰਟੀ ਹੈ, ਜੋ ਝੂਠ ਬੋਲਦੀ ਹੈ। ਉਨ੍ਹਾਂ ਦੀ ਗੱਲ ਨਾ ਸੁਣੋ। ਇਹ ਗੱਦਾਰਾਂ ਨਾਲ ਭਰੀ ਪਾਰਟੀ ਹੈ। ਇਹ ਸਿਰਫ਼ ਦੇਸ਼ ਅਤੇ ਪਾਰਟੀਆਂ ਨੂੰ ਤੋੜਨਾ ਅਤੇ ਈ ਡੀ ਦੀ ਵਰਤੋਂ ਕਰਨਾ ਜਾਣਦੇ ਹਨ। ਕੀ ਉਨ੍ਹਾਂ ਨੇ ਸਕੂਲ ਅਤੇ ਹਸਪਤਾਲ ਖੋਲ੍ਹੇ ਹਨ ? ਉਨ੍ਹਾਂ ਨੇ ਸਿਰਫ਼ ਉਹੀ ਕੀਤਾ ਹੈ ਜੋ ਉਹ ਜਾਣਦੇ ਹਨ। ਬੁੱਧਵਾਰ ਦੀ ਮੀਟਿੰਗ ਦੇ ਮੁੱਖ ਏਜੰਡੇ ਬਾਰੇ ਦੱਸਦਿਆਂ ਸਿਸੋਦੀਆ ਨੇ ਕਿਹਾ, ਆਮ ਆਦਮੀ ਪਾਰਟੀ ਨੇ ਹਰ 15 ਪਿੰਡਾਂ ਜਾਂ ਵਾਰਡਾਂ ਲਈ ਆਬਜ਼ਰਵਰ ਨਿਯੁਕਤ ਕੀਤੇ ਹਨ। ਪਿੰਡਾਂ ਅਤੇ ਵਾਰਡਾਂ ਦੇ ਲੋਕਾਂ ਨੂੰ ਲਗਾਤਾਰ ਮਿਲਣਾ, ਉਨ੍ਹਾਂ ਦੇ ਮਸਲਿਆਂ ਨੂੰ ਸਮਝਣਾ ਅਤੇ ਸਰਕਾਰ ਤੱਕ ਪਹੁੰਚਾਉਣਾ ਇਨ੍ਹਾਂ ਦਾ ਕੰਮ ਹੈ। ਇਹ ਆਬਜ਼ਰਵਰ ਜ਼ਮੀਨੀ ਪੱਧਰ ਦੇ ਵਰਕਰਾਂ ਅਤੇ ਪਾਰਟੀ ਦੇ ਵਿਚਕਾਰ ਇੱਕ ਕੜੀ ਵਾਂਗ ਕੰਮ ਕਰਦੇ ਹਨ।'

## ਸ਼ੰਭੂ ਰੇਲ ਮਾਰਗ ਧਮਾਕਾ ਮਾਮਲੇ 'ਚ ਗ੍ਰਿਫ਼ਤਾਰ ਵਿਅਕਤੀ

ਨਾਲ ਪੁੱਛਗਿੱਛ ਕਰਨੀ ਲਾਜ਼ਮੀ ਹੈ। ਹੁਣ ਪੁਲਿਸ ਰਿਮਾਂਡ ਦੌਰਾਨ ਇਨ੍ਹਾਂ ਮੁਲਜ਼ਮਾਂ ਤੋਂ ਇਹ ਪਤਾ ਲਗਾਇਆ ਜਾਵੇਗਾ ਕਿ ਉਨ੍ਹਾਂ ਕੋਲ ਵਿਸਫੋਟਕ ਸਮੱਗਰੀ ਕਿੱਥੋਂ ਆਈ ਅਤੇ ਕੀ ਇਹ ਕਿਸੇ ਅੱਤਵਾਦੀ ਸੰਗਠਨ ਜਾਂ ਦੇਸ਼ ਵਿਰੋਧੀ ਤਾਕਤਾਂ ਦੇ ਇਸ਼ਾਰੇ 'ਤੇ ਕੀਤਾ ਗਿਆ ਕਾਰਾ ਸੀ। ਜ਼ਿਕਰਯੋਗ ਹੈ ਕਿ ਮੁਲਜ਼ਮਾਂ ਨੇ ਸ਼ੰਭੂ ਇਲਾਕੇ ਵਿੱਚ ਰੇਲਵੇ ਟ੍ਰੈਕ 'ਤੇ ਭਿਆਨਕ ਧਮਾਕਾ ਕੀਤਾ ਸੀ। ਮੁਲਜ਼ਮਾਂ ਵੱਲੋਂ ਮਾਲ ਗੱਡੀ ਨੂੰ ਨਿਸ਼ਾਨਾ ਬਣਾ ਕੇ ਵੱਡੀ ਤਬਾਹੀ ਮਚਾਉਣ ਦੀ ਕੋਸ਼ਿਸ਼ ਕੀਤੀ ਗਈ ਸੀ। ਇਸ ਘਟਨਾ ਦੌਰਾਨ ਇੱਕ ਵਿਅਕਤੀ ਦੀ ਮੌਤ ਹੋ ਗਈ ਸੀ। ਪੁਲਿਸ ਨੇ ਇਸ ਮਾਮਲੇ ਵਿੱਚ ਚਾਰ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਸੀ, ਜਿਨ੍ਹਾਂ ਨੂੰ ਅੱਜ ਅਦਾਲਤ ਵਿੱਚ ਪੇਸ਼ ਕਰਕੇ 7 ਦਿਨਾਂ ਦਾ ਰਿਮਾਂਡ ਹਾਸਲ ਕੀਤਾ ਗਿਆ।

## ਪੰਜਾਬ 'ਚ ਝੋਨੇ ਦੀ ਲਵਾਈ

ਭਗਤ ਸਿੰਘ ਨਗਰ (ਨਵਾਂ ਸ਼ਹਿਰ)। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਨੇ ਦੱਸਿਆ ਕਿ ਸੂਬੇ ਨੂੰ ਜ਼ੋਨਾਂ ਵਿੱਚ ਵੰਡਣ ਦੇ ਕਈ ਵੱਡੇ ਫਾਇਦੇ ਹੋਣਗੇ। ਬਿਜਲੀ ਗਰਿੱਡਾਂ 'ਤੇ ਇਕਦਮ ਲੋਡ ਨਹੀਂ ਪਵੇਗਾ, ਜਿਸ ਨਾਲ ਬਿਜਲੀ ਸਪਲਾਈ ਬੇਹਤਰ ਰਹੇਗੀ। ਪੰਜਾਬ ਦੇ ਮੁੱਖ ਮੰਤਰੀ ਮਾਨ ਨੇ ਦਾਅਵਾ ਕੀਤਾ ਕਿ 4 ਸਾਲਾਂ 'ਚ ਸਿੰਚਾਈ ਵਿਭਾਗ ਨੇ 6700 ਕਰੋੜ ਰੁਪਏ ਖਰਚੇ ਹਨ। ਲੱਗਭੱਗ 14 ਹਜ਼ਾਰ ਕਿ.ਮੀ. ਨਵੇਂ ਖਾਲ਼ ਤੇ ਕੱਸੀਆਂ ਬਣਾਈਆਂ ਗਈਆਂ ਅਤੇ ਪਾਈਪ ਲਾਈਨਾਂ ਵਿਛਾਈਆਂ ਗਈਆਂ। ਖਾਲਾਂ ਤੇ ਕੱਸੀਆਂ ਦੀ ਜਾਂਚ ਲਈ ਅੱਜ ਸ਼ਾਮ ਨੂੰ 21 ਹਜ਼ਾਰ ਕਿਊਸਿਕ ਪਾਣੀ ਛੱਡ ਰਹੇ ਹਾਂ। ਇਹ ਪਾਣੀ 1 ਮਈ ਤੱਕ ਖਾਲਾਂ ਅਤੇ ਕੱਸੀਆਂ ਤੱਕ ਪਹੁੰਚੇਗਾ। ਉਨ੍ਹਾਂ ਦੱਸਿਆ ਕਿ ਹੁਣ ਤੱਕ ਧਰਤੀ 'ਚ 21 ਲੱਖ ਕਿਊਬਿਕ ਮੀਟਰ ਪਾਣੀ ਰੀਚਾਰਜ ਕਰ ਚੁੱਕੇ ਹਾਂ। ਇਸ ਦੇ ਨਾਲ ਹੀ ਮਾਨ ਨੇ ਅਪੀਲ ਕੀਤੀ ਕਿ ਕਿਸਾਨ ਨਹਿਰੀ ਪਾਣੀ ਦੀ ਵਰਤੋਂ ਵਧਾਉਣ ਤੇ ਟਿਊਬਵੈੱਲਾਂ ਦੀ ਵਰਤੋਂ ਘੱਟ ਤੋਂ ਘੱਟ ਕਰਨ। ਨਹਿਰੀ ਪਾਣੀ ਦਾ ਬਾਗਬਾਨੀ ਵਾਲਿਆਂ ਨੂੰ ਬਹੁਤ ਫ਼ਾਇਦਾ ਹੋਵੇਗਾ। ਨਹਿਰੀ ਪਾਣੀ ਮੱਕੀ, ਚਾਰਾ, ਕਪਾਹ, ਝੋਨੇ ਦੀ ਪਨੀਰੀ ਲਈ ਵੀ ਫ਼ਾਇਦੇਮੰਦ ਹੈ ਤੇ ਨਹਿਰੀ ਪਾਣੀ ਕਾਰਨ ਪੰਜਾਬ ਦੇ ਜ਼ਮੀਨ ਹੇਠਲੇ ਪਾਣੀ ਦਾ ਪੱਧਰ 2 ਤੋਂ 4 ਮੀਟਰ ਉਪਰ ਆਇਆ ਹੈ।

## ਹਿਮਾਚਲ ਵਿੱਚ 5 ਮਈ ਤੱਕ ਬਰਫ਼ਬਾਰੀ, ਗੜ੍ਹੇਮਾਰੀ ਅਤੇ

ਸੰਭਾਵਨਾ ਹੈ, ਜਿਸ ਕਰਕੇ 'ਯੈਲੋ ਅਲਰਟ' ਜਾਰੀ ਕੀਤਾ ਗਿਆ ਹੈ। ਇਸ ਸਮੇਂ ਦੌਰਾਨ ਦਿਨ ਅਤੇ ਰਾਤ ਦੇ ਤਾਪਮਾਨ ਵਿੱਚ 2 ਡਿਗਰੀ ਸੈਲਸੀਅਸ ਤੋਂ 3 ਡਿਗਰੀ ਸੈਲਸੀਅਸ ਤੱਕ ਦੀ ਕਮੀ ਆ ਸਕਦੀ ਹੈ। ਪਿਛਲੇ 24 ਘੰਟਿਆਂ ਦੌਰਾਨ ਸ਼ਿਮਲਾ, ਮੰਡੀ, ਸੋਲਨ, ਊਨਾ ਅਤੇ ਮਨਾਲੀ ਸਮੇਤ ਸੂਬੇ ਦੇ ਕਈ ਇਲਾਕਿਆਂ ਵਿੱਚ ਹਲਕਾ ਮੀਂਹ ਪੈਂਦਾ ਰਿਹਾ। ਇਸ ਕਾਰਨ ਪੂਰੇ ਸੂਬੇ ਵਿੱਚ ਰਾਤ ਦਾ ਤਾਪਮਾਨ 2 ਡਿਗਰੀ ਸੈਲਸੀਅਸ ਤੋਂ 3 ਡਿਗਰੀ ਸੈਲਸੀਅਸ ਤੱਕ ਘਟ ਗਿਆ ਹੈ ਅਤੇ ਦਿਨ ਦੇ ਤਾਪਮਾਨ ਵਿੱਚ ਵੀ 4 ਡਿਗਰੀ ਸੈਲਸੀਅਸ ਤੋਂ 10 ਡਿਗਰੀ ਸੈਲਸੀਅਸ ਤੱਕ ਦੀ ਵੱਡੀ ਗਿਰਾਵਟ ਦਰਜ ਕੀਤੀ ਗਈ ਹੈ। ਸ਼ਿਮਲਾ ਵਿੱਚ ਵੱਧ ਤੋਂ ਵੱਧ ਤਾਪਮਾਨ 21.6 ਡਿਗਰੀ ਸੈਲਸੀਅਸ, ਧਰਮਸ਼ਾਲਾ 26 ਡਿਗਰੀ ਸੈਲਸੀਅਸ, ਮਨਾਲੀ 17 ਡਿਗਰੀ ਸੈਲਸੀਅਸ, ਕਾਂਗੜਾ 29.8 ਡਿਗਰੀ ਸੈਲਸੀਅਸ, ਮੰਡੀ 26.8 ਡਿਗਰੀ ਸੈਲਸੀਅਸ, ਸੋਲਨ 25 ਡਿਗਰੀ ਸੈਲਸੀਅਸ, ਤਾਬੋ 17.5 ਡਿਗਰੀ ਸੈਲਸੀਅਸ, ਸੁੰਦਰਨਗਰ 27 ਡਿਗਰੀ ਸੈਲਸੀਅਸ, ਨਾਹਨ 30.4 ਡਿਗਰੀ ਸੈਲਸੀਅਸ, ਭੁੰਤਰ 20.4 ਡਿਗਰੀ ਸੈਲਸੀਅਸ ਅਤੇ ਕਲਪਾ 19.1ਡਿਗਰੀ ਸੈਲਸੀਅਸ ਰਿਹਾ। 35.8 ਡਿਗਰੀ ਸੈਲਸੀਅਸ ਤਾਪਮਾਨ ਦੇ ਨਾਲ ਊਨਾ ਸੂਬੇ ਵਿੱਚ ਸਭ ਤੋਂ ਗਰਮ ਰਿਹਾ, ਜਦੋਂ ਕਿ ਲਾਹੌਲ-ਸਪੀਤੀ ਜ਼ਿਲ੍ਹੇ ਦਾ ਕੁਕਮਸੇਰੀ ਪਿੰਡ ਸਭ ਤੋਂ ਠੰਢਾ ਰਿਹਾ, ਜਿੱਥੇ ਘੱਟ ਤੋਂ ਘੱਟ ਤਾਪਮਾਨ 5.6 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ।

## ਬਿਦਰ ਦੇ ਗੁਰੂ ਨਾਨਕ ਹਸਪਤਾਲ 'ਚ ਲੱਗੀ

ਮੌਕੇ 'ਤੇ ਪਹੁੰਚ ਗਏ। ਫਾਇਰ ਅਫਸਰਾਂ ਨੇ ਦੱਸਿਆ ਕਿ ਉਨ੍ਹਾਂ ਦੇ ਮੁਲਾਜ਼ਮਾਂ ਨੇ ਸਾਹ ਲੈਣ ਵਾਲੇ ਉਪਕਰਨ ਪਹਿਨ ਕੇ ਇਮਾਰਤ ਦੇ ਅੰਦਰ ਦਾਖਲ ਹੋ ਕੇ ਫਸੇ ਹੋਏ ਮਰੀਜ਼ਾਂ ਨੂੰ ਬਾਹਰ ਕੱਢਿਆ। ਪ੍ਰਸ਼ਾਸਨ ਵੱਲੋਂ ਤੁਰੰਤ ਕਾਰਵਾਈ ਕਰਦੇ ਹੋਏ ਸਾਰੇ ਮਰੀਜ਼ਾਂ ਨੂੰ ਐਂਬੂਲੈਂਸਾਂ ਰਾਹੀਂ ਸਰਕਾਰੀ ਹਸਪਤਾਲ ਅਤੇ ਹੋਰ ਨੇੜਲੇ ਮੈਡੀਕਲ ਕੇਂਦਰਾਂ ਵਿੱਚ ਸੁਰੱਖਿਅਤ ਤਬਦੀਲ ਕਰ ਦਿੱਤਾ ਗਿਆ ਹੈ। ਅਧਿਕਾਰੀਆਂ ਅਨੁਸਾਰ ਇਸ ਹਾਦਸੇ ਵਿੱਚ ਕਿਸੇ ਵੀ ਜਾਨੀ ਨੁਕਸਾਨ ਦੀ ਕੋਈ ਖ਼ਬਰ ਨਹੀਂ ਹੈ ਅਤੇ ਸਥਿਤੀ ਹੁਣ ਕਾਬੂ ਹੇਠ ਹੈ।

## 'ਜਾਗਤ ਜੋਤਿ ਸਤਿਕਾਰ ਐਕਟ' ਨੂੰ

ਜਨਹਿਤ ਪਟੀਸ਼ਨ ਵਿੱਚ 'ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਐਕਟ, 2026' ਨੂੰ ਗੈਰ-ਸੰਵਿਧਾਨਕ ਦੱਸਦਿਆਂ ਇਸ ਨੂੰ ਰੱਦ ਕਰਨ ਦੀ ਮੰਗ ਕੀਤੀ ਗਈ ਸੀ। ਹਾਲਾਂਕਿ,ਪਹਿਲੀ ਹੀ ਸੁਣਵਾਈ 'ਚ ਪਟੀਸ਼ਨਰ ਖੁਦ ਸਵਾਲਾਂ ਦੇ ਘੇਰੇ ਵਿੱਚ ਆ ਗਿਆ ਹੈ।
ਪਟੀਸ਼ਨਰ ਨੇ ਦਲੀਲ ਦਿੱਤੀ ਹੈ ਕਿ ਇਸ ਐਕਟ ਵਿੱਚ ਉਮਰ ਕੈਦ ਵਰਗੀਆਂ ਸਖ਼ਤ ਸਜ਼ਾਵਾਂ ਸ਼ਾਮਲ ਹਨ, ਜੋ ਕਿ 'ਸਮਵਰਤੀ ਸੂਚੀ' ਦਾ ਵਿਸ਼ਾ ਹੈ। ਸੰਵਿਧਾਨ ਦੀ ਧਾਰਾ 254(2) ਅਨੁਸਾਰ, ਅਜਿਹੇ ਕਾਨੂੰਨ ਲਈ ਭਾਰਤ ਦੇ ਰਾਸ਼ਟਰਪਤੀ ਦੀ ਮਨਜ਼ੂਰੀ ਲਾਜ਼ਮੀ ਹੈ, ਜਦੋਂ ਕਿ ਇਸ ਐਕਟ ਨੂੰ ਸਿਰਫ਼ ਰਾਜਪਾਲ ਦੀ ਸਹਿਮਤੀ ਨਾਲ ਹੀ ਨੋਟੀਫਾਈ ਕਰ ਦਿੱਤਾ ਗਿਆ ਹੈ। ਪਟੀਸ਼ਨ ਅਨੁਸਾਰ, ਸਿਰਫ਼ ਇੱਕ ਵਿਸ਼ੇਸ਼ ਧਾਰਮਿਕ ਗ੍ਰੰਥ ਲਈ ਵੱਖਰਾ ਅਤੇ ਸਖ਼ਤ ਅਪਰਾਧਿਕ ਢਾਂਚਾ ਤਿਆਰ ਕਰਨਾ ਸੰਵਿਧਾਨ ਦੇ 'ਧਰਮ ਨਿਰਪੱਖਤਾ' ਦੇ ਮੂਲ ਢਾਂਚੇ ਅਤੇ ਧਾਰਾ 14 (ਬਰਾਬਰੀ ਦਾ ਅਧਿਕਾਰ) ਦੀ ਉਲੰਘਣਾ ਹੈ। ਐਕਟ ਦੀ ਧਾਰਾ 5(3) ਤਹਿਤ ਬੇਅਦਬੀ ਦੀ ਸਾਜ਼ਿਸ਼ ਲਈ ਉਮਰ ਕੈਦ ਦੀ ਸਜ਼ਾ ਨੂੰ ਪਟੀਸ਼ਨਰ ਨੇ 'ਮਨਮਾਨੀ' ਅਤੇ ਗੈਰ-ਵਾਜਬ ਦੱਸਿਆ ਹੈ। ਉਨ੍ਹਾਂ ਕਿਹਾ ਕਿ ਇੱਕ ਗੈਰ-ਹਿੰਸਕ ਅਪਰਾਧ ਲਈ ਕਤਲ ਦੇ ਬਰਾਬਰ ਸਜ਼ਾ ਦੇਣਾ ਤਰਕਹੀਣ ਹੈ। ਪਟੀਸ਼ਨ ਵਿੱਚ ਕਿਹਾ ਗਿਆ ਹੈ ਕਿ 'ਬੇਅਦਬੀ' ਦੀ ਪਰਿਭਾਸ਼ਾ ਇੰਨੀ ਵਿਆਪਕ ਅਤੇ ਅਸਪਸ਼ਟ ਹੈ ਕਿ ਇਹ ਬੋਲਣ ਦੀ ਆਜ਼ਾਦੀ (ਧਾਰਾ 19) 'ਤੇ ਮਾੜਾ ਪ੍ਰਭਾਵ ਪਾ ਸਕਦੀ ਹੈ। ਪਟੀਸ਼ਨਰ ਨੇ ਅਦਾਲਤ ਤੋਂ ਇਸ ਐਕਟ 'ਤੇ ਤੁਰੰਤ ਅੰਤਰਿਮ ਰੋਕ ਲਗਾਉਣ ਦੀ ਮੰਗ ਕੀਤੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਐਕਟ ਤਹਿਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹੋਰ ਸੰਸਥਾਵਾਂ ਨੂੰ 45 ਦਿਨਾਂ ਦੇ ਅੰਦਰ ਸਾਰੇ 'ਸਰੂਪਾਂ' ਦਾ ਕੇਂਦਰੀ ਰਜਿਸਟਰ ਤਿਆਰ ਕਰਨ ਦਾ ਹੁਕਮ ਦਿੱਤਾ ਗਿਆ ਹੈ। ਜੇਕਰ ਇਸ ਦੀ ਪਾਲਣਾ ਨਹੀਂ ਹੁੰਦੀ, ਤਾਂ ਸਬੰਧਤ ਪੱਖਾਂ ਨੂੰ ਸਖ਼ਤ ਫੌਜਦਾਰੀ ਕਾਰਵਾਈ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਹਾਈਕੋਰਟ ਨੇ ਪਟੀਸ਼ਨਰ ਨੂੰ ਆਪਣਾ ਪੱਖ ਰੱਖਣ ਲਈ ਅਗਲੇ ਹਫ਼ਤੇ ਤੱਕ ਦਾ ਸਮਾਂ ਦਿੱਤਾ ਹੈ। ਮਾਮਲੇ ਦੀ ਅਗਲੀ ਸੁਣਵਾਈ 8 ਮਈ ਨੂੰ ਹੋਵੇਗੀ, ਜਿੱਥੇ ਪਟੀਸ਼ਨ ਦੀ 'ਮੇਨਟੇਨਬਿਲਟੀ' (ਸੁਣਵਾਈ ਯੋਗਤਾ) 'ਤੇ ਬਹਿਸ ਹੋਵੇਗੀ।

## ਚਿੰਤਪੂਰਨੀ ਲਾਗੇ ਖੱਡ 'ਚ ਡਿੱਗੀ ਕਾਰ, ਚਾਰ

ਪਰ ਉਦੋਂ ਤੱਕ ਕਾਫ਼ੀ ਦੇਰ ਹੋ ਚੁੱਕੀ ਸੀ। ਗੱਡੀ 'ਚੋਂ ਮਿਲੇ ਆਧਾਰ 'ਚ ਇਕ ਵਿਅਕਤੀ ਦਾ ਪਤਾ ਤਾਜਪੁਰ ਰੋਡ ਲੁਧਿਆਣਾ ਪੰਜਾਬ ਦਾ ਹੈ। ਕਾਰ ਦਾ ਨੰਬਰ ਪੀਬੀ-10-ਕੇ-7531 ਪੰਜਾਬ ਦੇ ਲੁਧਿਆਣਾ ਦਾ ਰਜਿਸਟਰਡ ਹੈ। ਸੂਚਨਾ ਮਿਲਦੇ ਹੀ ਪੁਲਿਸ ਅਤੇ ਰਾਹਤ ਟੀਮਾਂ ਮੌਕੇ 'ਤੇ ਪਹੁੰਚੀਆਂ ਅਤੇ ਲਾਸ਼ਾਂ ਨੂੰ ਖੱਡ 'ਚੋਂ ਬਾਹਰ ਕੱਢਿਆ ਗਿਆ। ਸ਼ੁਰੂਆਤੀ ਜਾਂਚ 'ਚ ਵਾਹਨ ਦੇ ਬੇਕਾਬੂ ਹੋਣ ਦੀ ਗੱਲ ਸਾਹਮਣੇ ਆ ਰਹੀ ਹੈ ਪਰ ਹੋਰ ਸਾਰੇ ਪਹਿਲੂਆਂ ਨਾਲ ਜਾਂਚ ਕੀਤੀ ਜਾ ਰਹੀ ਹੈ।

## ਕੇਜਰੀਵਾਲ ਤੇ ਸਿਸੋਦੀਆ ਨੂੰ

ਨੇ ਵੀ ਬੁੱਧਵਾਰ ਨੂੰ ਜੱਜ ਨੂੰ ਅਜਿਹਾ ਹੀ ਪੱਤਰ ਲਿਖਿਆ ਸੀ। ਸੁਣਵਾਈ ਦੌਰਾਨ ਜਸਟਿਸ ਸ਼ਰਮਾ ਨੇ ਕਿਹਾ ਕਿ ਅਦਾਲਤ ਨੂੰ ਅਜੇ ਤੱਕ ਟਰਾਇਲ ਕੋਰਟ ਦਾ ਸਾਰਾ ਰਿਕਾਰਡ ਪ੍ਰਾਪਤ ਨਹੀਂ ਹੋਇਆ ਹੈ, ਜਿਸ ਵਿੱਚ ਟਰਾਇਲ ਕੋਰਟ ਵੱਲੋਂ ਪਾਸ ਕੀਤੇ ਗਏ ਪਿਛਲੇ ਕੁਝ ਹੁਕਮ ਵੀ ਸ਼ਾਮਲ ਹਨ ਅਤੇ ਸੀਬੀਆਈ ਦੀ ਪਟੀਸ਼ਨ 'ਤੇ ਸੁਣਵਾਈ 4 ਮਈ ਤੱਕ ਮੁਲਤਵੀ ਕਰ ਦਿੱਤੀ ਗਈ। ਜਸਟਿਸ ਸ਼ਰਮਾ ਨੇ ਰਿਕਾਰਡ ਕੱਲ੍ਹ ਤੱਕ ਤਲਬ ਕਰਨ ਦੇ ਨਿਰਦੇਸ਼ ਦਿੰਦਿਆਂ ਕਿਹਾ, 'ਅਸੀਂ ਸਿਰਫ਼ ਰਿਕਾਰਡ ਮੰਗਵਾਵਾਂਗੇ ਅਤੇ ਸੋਮਵਾਰ ਤੋਂ ਸੁਣਵਾਈ ਸ਼ੁਰੂ ਕਰਾਂਗੇ।' ਅਦਾਲਤ ਨੇ ਇਹ ਵੀ ਨੋਟ ਕੀਤਾ ਕਿ ਜਦੋਂ ਕਿ ਕਈ ਪਾਰਟੀਆਂ ਨੇ ਆਪਣੇ-ਆਪਣੇ ਜਵਾਬ ਦਾਇਰ ਕਰ ਦਿੱਤੇ ਹਨ, ਦੋਸ਼ਮੁਕਤ ਕੀਤੇ ਗਏ ਕੁਝ ਵਿਅਕਤੀਆਂ ਨੇ ਅਜੇ ਅਜਿਹਾ ਕਰਨਾ ਬਾਕੀ ਹੈ। ਅਦਾਲਤ ਨੇ ਕਿਹਾ, '(ਅਦਾਲਤ ਉਹਨਾਂ ਨੂੰ) ਜਵਾਬ ਦਾਇਰ ਕਰਨ ਲਈ ਇੱਕ ਹੋਰ ਆਖਰੀ ਅਤੇ ਅੰਤਿਮ ਮੌਕਾ ਦੇਵੇਗੀ। ਉਹ ਸ਼ਨਿਚਰਵਾਰ ਤੱਕ ਜਵਾਬ ਦਾਇਰ ਕਰਨਗੇ।' ਅਦਾਲਤ ਨੇ ਦੋਸ਼ਮੁਕਤ ਕੀਤੇ ਗਏ ਮੁਲਜ਼ਮਾਂ ਵਿੱਚੋਂ ਇੱਕ ਦੀ ਅਰਜ਼ੀ 'ਤੇ ਸੀਬੀਆਈ ਨੂੰ ਨੋਟਿਸ ਵੀ ਜਾਰੀ ਕੀਤਾ, ਜਿਸ ਵਿੱਚ ਅਦਾਲਤ ਵੱਲੋਂ 9 ਮਾਰਚ ਨੂੰ ਪਾਸ ਕੀਤੇ ਗਏ ਅੰਤਰਿਮ ਸਟੇਅ ਆਰਡਰ ਨੂੰ ਖ਼ਤਮ ਕਰਨ ਦੀ ਮੰਗ ਕੀਤੀ ਗਈ ਸੀ। ਸੀ.ਬੀ.ਆਈ. ਵੱਲੋਂ ਪੇਸ਼ ਹੋਏ ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਨੇ ਕਿਹਾ ਕਿ ਉਹ ਅਰਜ਼ੀ 'ਤੇ ਜਵਾਬ ਦਾਇਰ ਕਰਨਗੇ। ਅਦਾਲਤ ਨੇ ਐਨਫੋਰਸਮੈਂਟ ਡਾਇਰੈਕਟੋਰੇਟ ਦੀ ਇੱਕ ਪਟੀਸ਼ਨ ਨੂੰ ਵੀ 4 ਮਈ ਲਈ ਸੂਚੀਬੱਧ ਕੀਤਾ ਹੈ, ਜਿਸ ਵਿੱਚ ਟਰਾਇਲ ਕੋਰਟ ਦੇ ਫੈਸਲੇ ਵਿੱਚ ਇਸਦੇ ਵਿਰੁੱਧ ਕੁਝ 'ਬੇਲੋੜੀਆਂ' ਟਿੱਪਣੀਆਂ ਨੂੰ ਹਟਾਉਣ ਦੀ ਮੰਗ ਕੀਤੀ ਗਈ ਹੈ। 27 ਫਰਵਰੀ ਨੂੰ ਟਰਾਇਲ ਕੋਰਟ ਨੇ ਸ਼ਰਾਬ ਨੀਤੀ ਮਾਮਲੇ ਵਿੱਚ ਕੇਜਰੀਵਾਲ, ਸਿਸੋਦੀਆ ਅਤੇ 21 ਹੋਰਾਂ ਨੂੰ ਦੋਸ਼ਮੁਕਤ ਕਰ ਦਿੱਤਾ ਸੀ। 9 ਮਾਰਚ ਨੂੰ ਜਸਟਿਸ ਸ਼ਰਮਾ ਦੇ ਬੈਂਚ ਨੇ ਸ਼ਰਾਬ ਨੀਤੀ ਮਾਮਲੇ ਵਿੱਚ ਸੀ.ਬੀ.ਆਈ. ਦੇ ਜਾਂਚ ਅਧਿਕਾਰੀ ਵਿਰੁੱਧ ਵਿਭਾਗੀ ਕਾਰਵਾਈ ਸ਼ੁਰੂ ਕਰਨ ਦੀ ਟਰਾਇਲ ਕੋਰਟ ਦੀ ਸਿਫ਼ਾਰਸ਼ 'ਤੇ ਰੋਕ ਲਗਾ ਦਿੱਤੀ ਸੀ। ਸੀ.ਬੀ.ਆਈ. ਦੀ ਪਟੀਸ਼ਨ 'ਤੇ ਸਾਰੇ 23 ਮੁਲਜ਼ਮਾਂ ਨੂੰ ਨੋਟਿਸ ਜਾਰੀ ਕਰਦਿਆਂ ਜਸਟਿਸ ਸ਼ਰਮਾ ਨੇ ਕਿਹਾ ਕਿ ਦੋਸ਼ ਤੈਅ ਕਰਨ ਦੇ ਪੜਾਅ 'ਤੇ ਟਰਾਇਲ ਕੋਰਟ ਦੀਆਂ ਕੁਝ ਟਿੱਪਣੀਆਂ ਅਤੇ ਨਤੀਜੇ ਪਹਿਲੀ ਨਜ਼ਰੇ ਗਲਤ ਜਾਪਦੇ ਹਨ ਅਤੇ ਵਿਚਾਰ ਕਰਨ ਦੀ ਲੋੜ ਹੈ। ਇਸ ਤੋਂ ਬਾਅਦ ਕੇਜਰੀਵਾਲ, ਸਿਸੋਦੀਆ ਅਤੇ ਹੋਰ ਉੱਤਰਦਾਤਾਵਾਂ ਨੇ ਜੱਜ ਨੂੰ ਕੇਸ ਤੋਂ ਵੱਖ ਹੋਣ ਦੀ ਮੰਗ ਕਰਨ ਵਾਲੀ ਇੱਕ ਅਰਜ਼ੀ ਦਾਇਰ ਕੀਤੀ, ਜਿਸ ਵਿੱਚ ਹਿੱਤਾਂ ਦੇ ਟਕਰਾਅ ਅਤੇ ਪੱਖਪਾਤ ਦਾ ਖਦਸ਼ਾ ਜਤਾਇਆ ਗਿਆ ਸੀ। ਉਨ੍ਹਾਂ ਦਾਅਵਾ ਕੀਤਾ ਕਿ ਜੱਜ ਦੇ ਬੱਚੇ ਕੇਂਦਰ ਸਰਕਾਰ ਦੇ ਪੈਨਲ ਵਿੱਚ ਸ਼ਾਮਲ ਵਕੀਲ ਹਨ ਜਿਨ੍ਹਾਂ ਨੂੰ ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਰਾਹੀਂ ਕੰਮ ਮਿਲਦਾ ਹੈ, ਜੋ ਆਬਕਾਰੀ ਕੇਸ ਵਿੱਚ ਸੀ.ਬੀ.ਆਈ. ਵੱਲੋਂ ਪੇਸ਼ ਹੁੰਦੇ ਹਨ। 20 ਅਪਰੈਲ ਨੂੰ ਜਸਟਿਸ ਸ਼ਰਮਾ ਨੇ ਰੀਕਿਊਜ਼ਲ ਪਟੀਸ਼ਨ ਨੂੰ ਇਹ ਕਹਿ ਕੇ ਰੱਦ ਕਰ ਦਿੱਤਾ ਕਿ ਜੱਜ ਕਿਸੇ ਮੁਕੱਦਮੇਬਾਜ਼ ਦੇ ਪੱਖਪਾਤ ਦੇ ਬੇਬੁਨਿਆਦ ਖਦਸ਼ੇ ਨੂੰ ਸੰਤੁਸ਼ਟ ਕਰਨ ਲਈ ਆਪਣੇ ਆਪ ਨੂੰ ਕੇਸ ਤੋਂ ਵੱਖ ਨਹੀਂ ਕਰ ਸਕਦੇ। ਪਾਠਕ, ਵਿਜੇ ਨਾਇਰ ਅਤੇ ਅਰੁਣ ਰਾਮਚੰਦਰ ਪਿੱਲਈ ਨੇ ਵੀ ਉਨ੍ਹਾਂ ਦੇ ਕੇਸ ਤੋਂ ਵੱਖ ਹੋਣ ਦੀ ਮੰਗ ਕੀਤੀ ਸੀ।

## ਬੰਪਰ ਵੋਟਿੰਗ ਤੋਂ ਬਾਅਦ

ਇਹ ਰਾਸ਼ਟਰੀ ਕੇਂਦਰੀਕਰਨ ਵੱਲ ਵੱਧ ਰਹੀ ਹੈ। ਭਾਜਪਾ ਨੇ ਉੱਤਰ ਤੋਂ ਨਿਕਲ ਕੇ ਪੂਰਬ, ਉੱਤਰ-ਪੂਰਬ ਅਤੇ ਦੱਖਣ ਤੱਕ ਆਪਣਾ ਨੈਰੇਟਿਵ ਪਹੁੰਚਾ ਦਿੱਤਾ ਹੈ। ਕਾਂਗਰਸ ਅਜੇ ਵੀ ਆਪਣੀ ਪੁਰਾਣੀ ਯਾਦਾਂ ਦੀ ਐਲਬਮ ਵਿੱਚ ਫਸੀ ਹੋਈ ਹੈ।
ਪਰ ਇੱਥੇ ਇੱਕ ਚੇਤਾਵਨੀ ਵੀ ਹੈ। ਲੋਕਤੰਤਰ ਵਿੱਚ ਇੱਕ ਪਾਰਟੀ ਦੀ ਚੜ੍ਹਤ ਜਿੰਨੀ ਮਹੱਤਵਪੂਰਨ ਹੈ, ਉਤਨੀ ਹੀ ਮਜ਼ਬੂਤ ਵਿਰੋਧੀ ਧਿਰ ਵੀ ਲਾਜ਼ਮੀ ਹੈ। ਜੇ ਵਿਰੋਧ ਕਮਜ਼ੋਰ ਹੋਵੇਗਾ, ਤਾਂ ਲੋਕਤੰਤਰ ਤਾਲੀਆਂ ਦਾ ਮੰਚ ਬਣ ਜਾਵੇਗਾ, ਜਵਾਬਦੇਹੀ ਦਾ ਨਹੀਂ।
ਭਗਵਾ ਚੜ੍ਹ ਰਿਹਾ ਹੈ—ਇਹ ਸੱਚ ਹੈ। ਪਰ ਕੀ ਇਹ ਸਥਾਈ ਸਵੀਕਾਰਤਾ ਹੈ ਜਾਂ ਅਸਥਾਈ ਗੁੱਸੇ ਦਾ ਨਤੀਜਾ—ਇਹ ਨਤੀਜੇ ਦੱਸਣਗੇ। ਵੱਡੀ ਗੱਲ ਇਹ ਹੈ ਕਿ ਭਾਰਤੀ ਵੋਟਰ ਹੁਣ ਖਾਮੋਸ਼ ਨਹੀਂ। ਉਹ ਸੱਤਾ ਨੂੰ ਬਦਲ ਵੀ ਸਕਦਾ ਹੈ ਅਤੇ ਮਜ਼ਬੂਤ ਵੀ ਕਰ ਸਕਦਾ ਹੈ। ਭਾਰਤੀ ਲੋਕਤੰਤਰ ਦੀ ਅਗਲੀ ਸੰਭਾਵਨਾ ਇਹੀ ਹੈ—ਵੋਟਰ ਹੁਣ ਸਿਰਫ਼ ਜਾਤ ਨਹੀਂ, ਨੈਰੇਟਿਵ ਵੀ ਚੁਣਦਾ ਹੈ ਅਤੇ ਇਸ ਵਾਰ, ਲੱਗਦਾ ਹੈ, ਨੈਰੇਟਿਵ ਦਾ ਰੰਗ ਕੇਸਰੀ ਹੈ।

## ਹੋਰਮੁਜ਼ 'ਚ ਜਹਾਜ਼ਾਂ 'ਤੇ

ਸਪੱਸ਼ਟ ਕੀਤਾ ਕਿ ਵਪਾਰਕ ਜਹਾਜ਼ਾਂ ਨੂੰ ਫੌਜੀ ਹਮਲਿਆਂ ਦਾ ਨਿਸ਼ਾਨਾ ਨਹੀਂ ਬਣਾਇਆ ਜਾਣਾ ਚਾਹੀਦਾ। ਅਜਿਹੀਆਂ ਹਰਕਤਾਂ ਨਾ ਸਿਰਫ਼ ਵਪਾਰ ਵਿੱਚ ਰੁਕਾਵਟ ਪਾਉਂਦੀਆਂਹਨ, ਸਗੋਂ ਕੌਮਾਂਤਰੀ ਸਮੁੰਦਰੀ ਕਾਨੂੰਨਾਂ ਦੀ ਵੀ ਉਲੰਘਣਾ ਹਨ। ਭਾਰਤ ਨੇ ਯਾਦ ਦਿਵਾਇਆ ਕਿ ਖਾੜੀ ਦੇਸ਼ਾਂ ਵਿੱਚ ਲਗਭਗ 1 ਕਰੋੜ ਭਾਰਤੀ ਰਹਿੰਦੇ ਅਤੇ ਕੰਮ ਕਰਦੇ ਹਨ।

ਚੜ੍ਹਦੀਕਲਾ
ਪਰਮਜੀਤ ਸਿੰਘ, ਪ੍ਰਿੰਟਰ ਪਬਲਿਸ਼ਰ ਨੇ ਰੋਜ਼ਾਨਾ ਚੜ੍ਹਦੀਕਲਾ, ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈੱਸ ਪ੍ਰਾਈਵੇਟ ਲਿਮਟਿਡ ਲਈ ਦਲਜੀਤ ਪ੍ਰਿੰਟਰਜ਼, 593 ਐੱਸ.ਐੱਸ.ਟੀ. ਨਗਰ ਪਟਿਆਲਾ ਤੋਂ ਛਪਵਾ ਕੇ ਦਫ਼ਤਰ ਰੋਜ਼ਾਨਾ ਚੜ੍ਹਦੀਕਲਾ, 577, ਐੱਸ.ਐੱਸ.ਟੀ. ਨਗਰ, ਪਟਿਆਲਾ ਤੋਂ ਪ੍ਰਕਾਸ਼ਿਤ ਕੀਤਾ। ਮੁੱਖ ਸੰਪਾਦਕ : ਜਗਜੀਤ ਸਿੰਘ 'ਦਰਦੀ'।
PRGI (RNI) Regd. No. 22972/1972

Printed & Published by Paramjit Singh on behalf of Charhdikala Printing Press Pvt. Ltd., Patiala & Printed at Daljit Printers 593, SST Nagar Patiala. Published at Office Daily Charhdikala 577, SST Nagar Patiala.
Chief Editor : Jagjit Singh Dardi
PRGI (RNI) Regd. No. 22972/1972

# ਕੀਰਤਪੁਰ ਸਾਹਿਬ ਦੀ 400 ਸਾਲਾ ਸਥਾਪਨਾ ਸ਼ਤਾਬਦੀ ਦੇ ਗੁਰਮਤਿ ਸਮਾਗਮਾਂ ਦੀ ਜਾਹੋ-ਜਲਾਲ ਨਾਲ ਆਰੰਭਤਾ

## ਜੱਥੇ. ਗੜਗੱਜ, ਐਡ. ਧਾਮੀ, ਕਾਰਸੇਵਾ ਵਾਲੇ ਮਹਾਂਪੁਰਖ ਸਮੇਤ ਪ੍ਰਮੁੱਖ ਸ਼ਖ਼ਸੀਅਤਾਂ ਰਹੀਆਂ ਮੌਜੂਦ

ਸ੍ਰੀ ਕੀਰਤਪੁਰ ਸਾਹਿਬ/ਸ੍ਰੀ ਅਨੰਦਪੁਰ ਸਾਹਿਬ, 29 ਅਪ੍ਰੈਲ (ਬੀ.ਐਸ. ਰਾਣਾ): ਛੇ ਗੁਰੂ ਸਾਹਿਬਾਨ ਦੀ ਚਰਨਛੋਹ ਪ੍ਰਾਪਤ ਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਵੱਲੋਂ ਵਸਾਈ ਨਗਰੀ ਸ੍ਰੀ ਕੀਰਤਪੁਰ ਸਾਹਿਬ ਦੀ 400 ਸਾਲਾ ਸਥਾਪਨਾ ਸ਼ਤਾਬਦੀ ਦੇ ਸਮਾਗਮਾਂ ਦਾ ਅੱਜ ਗੁਰਦੁਆਰਾ ਸ਼ੀਸ਼ ਮਹਿਲ ਸਾਹਿਬ ਕੀਰਤਪੁਰ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਦੀ ਆਰੰਭਤਾ ਦੇ ਨਾਲ ਆਗਾਜ਼ ਹੋ ਗਿਆ ਹੈ। ਇਸ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡ. ਹਰਜਿੰਦਰ ਸਿੰਘ ਧਾਮੀ, ਬਾਬਾ ਗੁਰਦੇਵ ਸਿੰਘ ਤਰਨਾ ਦਲ ਸ਼ਹੀਦੀ ਬਾਗ, ਬਾਬਾ ਸਤਨਾਮ ਸਿੰਘ ਕਿਲ੍ਹਾ ਅਨੰਦਗੜ੍ਹ ਸਾਹਿਬ, ਬਾਬਾ ਨਿਹਾਲ ਸਿੰਘ ਦਲ ਬਾਬਾ ਬਿਧੀਚੰਦ, ਬਾਬਾ ਜਰਨੈਲ ਸਿੰਘ, ਅੰਤ੍ਰਿੰਗ ਕਮੇਟੀ ਮੈਂਬਰ ਦਲਜੀਤ ਸਿੰਘ ਭਿੰਡਰ, ਮੈਂਬਰ ਭਾਈ ਅਮਰਜੀਤ ਸਿੰਘ ਚਾਵਲਾ ਸਮੇਤ ਪ੍ਰਮੁੱਖ ਸ਼ਖ਼ਸੀਅਤਾਂ ਤੇ ਵੱਡੀ ਗਿਣਤੀ 'ਚ ਸੰਗਤਾਂ ਹਾਜ਼ਰ ਸਨ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡ. ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਗੁਰੂ ਸਾਹਿਬਾਨ ਵੱਲੋਂ ਵਸਾਏ ਨਗਰ ਸਿੱਖਾਂ ਲਈ ਵੱਡੀ ਮਹੱਤਤਾ ਰੱਖਦੇ ਹਨ। ਗੁਰੂ ਸਾਹਿਬਾਨ ਨੇ ਆਪਣੇ ਸਮੇਂ ਕਈ ਨਗਰ ਵਸਾਏ ਤੇ ਸੰਗਤਾਂ ਨੂੰ ਇਕ ਅਕਾਲ ਪੁਰਖ ਨਾਲ ਜੋੜਿਆ। ਇਸੇ ਤਰ੍ਹਾਂ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਕੀਰਤਪੁਰ ਸਾਹਿਬ ਵਸਾਇਆ। ਇਸੇ ਅਸਥਾਨ 'ਤੇ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਤੇ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਪ੍ਰਕਾਸ਼ ਹੋਇਆ। ਗੁਰੂ ਸਾਹਿਬ ਵੱਲੋਂ ਇਸ ਪਾਵਨ ਅਸਥਾਨ 'ਤੇ ਸਥਾਪਤ ਨੌਲੱਖਾ ਬਾਗ ਵਿੱਚੋਂ ਕੁਦਰਤੀ ਔਸ਼ਧੀਆਂ ਨਾਲ ਸੱਤਵੇਂ ਪਾਤਸ਼ਾਹ ਸ੍ਰੀ ਹਰਿਰਾਇ ਸਾਹਿਬ ਜੀ ਨੇ ਰੋਗੀਆਂ ਦਾ ਇਲਾਜ ਕੀਤਾ। ਉਨ੍ਹਾਂ ਕਿਹਾ ਕਿ ਇਸ ਪਾਵਨ ਅਸਥਾਨ ਦਾ 400 ਸਾਲਾ ਸਥਾਪਨਾ ਦਿਵਸ ਦਾ ਮੰਤਵ ਨੌਜੁਆਨ ਪੀੜ੍ਹੀ ਨੂੰ ਗੁਰੂ ਸਾਹਿਬਾਨ ਦੇ ਫਲਸਫੇ ਅਤੇ ਪਰਉਪਕਾਰਾਂ ਨਾਲ ਜੋੜਨਾ ਹੈ। ਐਡ. ਧਾਮੀ ਨੇ ਇਸ ਇਤਿਹਾਸਕ ਦਿਹਾੜੇ 'ਤੇ ਕੌਮੀ ਇਕਜੁਟਤਾ ਦੀ ਅਪੀਲ ਕਰਦਿਆਂ ਕਿਹਾ ਕਿ ਪੰਥਕ ਮਾਮਲਿਆਂ ਦੇ ਹੱਲ ਲਈ ਗੁਰੂ ਸਾਹਿਬਾਨ ਦੇ ਦਰਸਾਏ ਸਿਧਾਂਤ ਸਹਾਈ ਹੋ ਸਕਦੇ ਹਨ। ਇਸ ਮੌਕੇ ਉਨ੍ਹਾਂ ਨੇ ਮੌਜੂਦਾ ਪੰਥਕ ਚੁਣੌਤੀਆਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਸਜ਼ਾ ਤਬਦੀਲੀ ਤੇ ਬੰਦੀ ਸਿੰਘਾਂ ਦੀ ਰਿਹਾਈ ਦੇ ਮਾਮਲੇ ਵਿਚ ਸਰਕਾਰਾਂ ਸਿੱਖਾਂ ਪ੍ਰਤੀ ਦੋਹਰਾ ਕਾਨੂੰਨੀ ਵਤੀਰਾ ਅਪਨਾ ਰਹੀਆਂ ਹਨ, ਜਿਸ ਵਿਰੁੱਧ ਸਿੱਖ ਕੌਮ ਨੂੰ ਇਕਜੁਟਤਾ ਨਾਲ ਵਿਰੋਧ ਦਰਜ ਕਰਵਾਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਅੱਜ ਸਿੱਖ ਸੰਸਥਾਵਾਂ ਨੂੰ ਕਮਜ਼ੋਰ ਕਰਨ ਲਈ ਸਰਕਾਰਾਂ ਸਿੱਖਾਂ ਦੇ ਸੰਵਿਧਾਨਕ ਅਧਿਕਾਰਾਂ ਦੀ ਵੀ ਉਲੰਘਣਾ ਕਰ ਰਹੀਆਂ ਹਨ, ਜਿਸ ਪ੍ਰਤੀ ਵੀ ਸੁਚੇਤ ਹੋਣ ਦੀ ਲੋੜ ਹੈ।



ਇਸ ਮੌਕੇ ਸਿੰਘ ਸਾਹਿਬ ਗਿ. ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਗੁਰੂ ਸਾਹਿਬਾਨ ਦਾ ਵੱਖ-ਵੱਖ ਨਗਰ ਵਸਾਉਣ ਪਿੱਛੇ ਇਕ ਉਚੇਰਾ ਸੰਕਲਪ ਸੀ, ਜੋ ਵਿਲੱਖਣ ਸੱਭਿਆਰ, ਧਰਮ ਦੇ ਪ੍ਰਚਾਰ ਤੇ ਸਮਾਜਿਕ ਬਰਾਬਰੀ ਦਾ ਸੁਨੇਹਾ ਦਿੰਦਾ ਹੈ। ਉਨ੍ਹਾਂ ਕਿਹਾ ਕਿ ਛੇਵੇਂ ਪਾਤਸ਼ਾਹ ਵੱਲੋਂ ਸ੍ਰੀ ਕੀਰਤਪੁਰ ਸਾਹਿਬ ਦੇ ਸਥਾਪਨਾ ਦਿਵਸ ਦੇ ਸ਼ਤਾਬਦੀ ਸਮਾਗਮ ਪੰਥ ਵੱਲੋਂ ਖ਼ਾਲਸਾਈ ਜਾਹੋ ਜਲਾਲ ਨਾਲ ਮਨਾਏ ਜਾ ਰਹੇ ਹਨ। ਗੁਰੂ ਸਾਹਿਬ ਨੇ ਜੋ ਰੱਲ ਕੇ ਰਹਿਣ ਤੇ ਵਿਲੱਖਣ ਪਛਾਣ ਦਾ ਸੰਕਲਪ ਦਿੱਤਾ ਅੱਜ ਕੌਮ ਨੂੰ ਉਸ 'ਤੇ ਚੱਲਣ ਦੀ ਲੋੜ ਹੈ। ਉਨ੍ਹਾਂ ਸੰਗਤਾਂ ਨੂੰ ਸ਼ਤਾਬਦੀ ਸਬੰਧੀ ਹੋ ਰਹੇ ਸਮਾਗਮਾਂ ਵਿਚ ਵੱਧ ਚੜ੍ਹ ਕੇ ਸ਼ਮੂਲੀਅਤ ਕਰਨ ਦੀ ਅਪੀਲ ਵੀ ਕੀਤੀ।

ਇਸ ਮੌਕੇ ਗੁਰਦੁਆਰਾ ਸ਼ੀਸ਼ ਮਹਿਲ ਸਾਹਿਬ ਦੇ ਨਜ਼ਦੀਕ ਗੁਰੂ ਸਾਹਿਬ ਵੱਲੋਂ ਸਥਾਪਤ ਨੌਲੱਖਾ ਬਾਗ ਵਿਚ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡ. ਹਰਜਿੰਦਰ ਸਿੰਘ ਧਾਮੀ ਤੇ ਹੋਰ ਪ੍ਰਮੁੱਖ ਸ਼ਖਸੀਅਤਾਂ ਨੇ ਸ਼ਤਾਬਦੀ ਦੀ ਯਾਦ 'ਚ ਹਰੜ ਤੇ ਕਲੋੜ ਸਮੇਤ ਹੋਰ ਬੂਟੇ ਲਗਾ ਕੇ ਵਾਤਾਵਰਣ ਸੰਭਾਲ ਦਾ ਸੁਨੇਹਾ ਦਿੱਤਾ। ਇਸੇ ਦੌਰਾਨ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਅੰਮ੍ਰਿਤ ਸੰਚਾਰ ਸਮਾਗਮ ਕਰਵਾਇਆ ਗਿਆ, ਜਿਸ ਵਿਚ 82 ਪ੍ਰਾਣੀਆਂ ਨੇ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ। ਅੰਮ੍ਰਿਤ ਅਭਿਲਾਖੀਆਂ ਨੂੰ ਕਕਾਰ ਧਰਮ ਪ੍ਰਚਾਰ ਕਮੇਟੀ ਵੱਲੋਂ ਭੇਟਾ ਰਹਿਤ ਦਿੱਤੇ ਗਏ। ਇਸ ਮੌਕੇ ਬਾਬਾ ਗੁਰਦੇਵ ਸਿੰਘ ਤਰਨਾ ਦਲ ਸ਼ਹੀਦੀ ਬਾਗ, ਬਾਬਾ ਸਤਨਾਮ ਸਿੰਘ ਕਿਲ੍ਹਾ ਅਨੰਦਗੜ੍ਹ ਸਾਹਿਬ, ਬਾਬਾ ਨਿਹਾਲ ਸਿੰਘ ਦਲ ਬਾਬਾ ਬਿਧੀਚੰਦ, ਬਾਬਾ ਜਰਨੈਲ ਸਿੰਘ, ਅੰਤ੍ਰਿੰਗ ਕਮੇਟੀ ਮੈਂਬਰ ਦਲਜੀਤ ਸਿੰਘ ਭਿੰਡਰ, ਮੈਂਬਰ ਭਾਈ ਅਮਰਜੀਤ ਸਿੰਘ ਚਾਵਲਾ, ਸਾਬਕਾ ਸਪੀਕਰ ਰਾਣਾ ਕੇਪੀ ਸਿੰਘ, ਮੀਤ ਸਕੱਤਰ ਸੁਖਬੀਰ ਸਿੰਘ, ਚੀਫ ਜਗਦੀਸ਼ ਸਿੰਘ ਬੁੱਟਰ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੁਖ ਗ੍ਰੰਥੀ ਗਿਆਨੀ ਜੁਗਿੰਦਰ ਸਿੰਘ, ਮੈਨੇਜਰ ਮਲਕੀਤ ਸਿੰਘ, ਮੈਨੇਜਰ ਗੁਰਦੀਪ ਸਿੰਘ ਕੰਗ, ਵਧੀਕ ਮੈਨੇਜਰ ਹਰਦੇਵ ਸਿੰਘ, ਖ਼ਾਲਸਾ ਕਾਲਜ ਸ੍ਰੀ ਅਨੰਦਪੁਰ ਸਾਹਿਬ ਦੇ ਪ੍ਰਿੰਸੀਪਲ ਡਾ. ਜਸਬੀਰ ਸਿੰਘ, ਸਿੱਖ ਚਿੰਤਕ ਤਲਵਿੰਦਰ ਸਿੰਘ ਬੁੱਟਰ, ਸ੍ਰੀ ਦਰਬਾਰ ਸਾਹਿਬ ਦੇ ਵਧੀਕ ਮੈਨੇਜਰ ਜਸਬੀਰ ਸਿੰਘ, ਹੈਡ ਪ੍ਰਚਾਰਕ ਭਾਈ ਸਰਬਜੀਤ ਸਿੰਘ ਢੋਟੀਆਂ ਸਮੇਤ ਸੰਗਤਾਂ ਮੌਜੂਦ ਸਨ।

ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਪੰਜਾਬ

ਜਨਤਕ ਸੂਚਨਾ

ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ ਸਕੀਮ ਦਾ ਲਾਭ ਪ੍ਰਾਪਤ ਨਾ ਕਰਨ ਵਾਲੇ ਲਾਭਪਾਤਰੀਆਂ ਲਈ ਅਤੇ ਫਾਰਮਰ ਆਈ.ਡੀ ਬਣਾਉਣ ਸਬੰਧੀ

ਭਾਰਤ ਸਰਕਾਰ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੁਆਰਾ ਜਾਰੀ ਹਦਾਇਤਾਂ ਅਨੁਸਾਰ,ਪੀ.ਐੱਮ. ਕਿਸਾਨ ਸਨਮਾਨ ਨਿਧੀਸਕੀਮ ਦਾ ਲਾਭ ਲੈਣ ਲਈ ਈ-ਕੇ.ਵਾਈ.ਸੀ (e-KYC), ਲੈਂਡ ਸੀਡਿੰਗ ਅਤੇ ਆਧਾਰ ਸੀਡਿੰਗ ਲਾਜ਼ਮੀ ਕਰ ਦਿੱਤੀ ਗਈ ਹੈ। ਕਈ ਲਾਭਪਾਤਰੀਆਂ ਵੱਲੋਂ ਇਹ ਸ਼ਰਤਾਂ ਪੂਰੀਆਂ ਨਾ ਕੀਤੇ ਜਾਣ ਕਾਰਨ, ਉਹ ਇਸ ਸਕੀਮ ਦਾ ਲਾਭ ਪ੍ਰਾਪਤ ਨਹੀ ਕਰ ਪਾ ਰਹੇ। ਇਸ ਲਈ ਸਕੀਮ ਅਧੀਨ ਰਜ਼ਿਸਟਰਡ ਸਮੂਹ ਲਾਭਪਾਤਰੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਆਪਣੇ ਨੇੜਲੇ ਬਲਾਕ ਜਾਂ ਮੁੱਖ ਖੇਤੀਬਾੜੀ ਦਫਤਰ ਨਾਲ ਜਰੂਰੀ ਦਸਤਾਵੇਜ਼ਾ ਸਮੇਤ ਸਪੰਰਕ ਕਰਨ ਤਾਂ ਜੋ ਤਰੁੱਟੀਆ ਦੂਰ ਕਰਕੇ ਸਕੀਮ ਦਾ ਨਿਰਵਿਘਨ ਲਾਭ ਲਿਆ ਜਾ ਸਕੇ।

ਇਸ ਤੋਂ ਇਲਾਵਾ, ਭਾਰਤ ਸਰਕਾਰ ਵੱਲੋਂ 'ਫਾਰਮਰ ਆਈ.ਡੀ'(Farmer ID) ਦੀ ਯੋਜਨਾ ਵਿਚਾਰ ਅਧੀਨ ਹੈ। ਸਮੂਹ ਲਾਭਪਾਤਰੀਆਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਹ ਫਾਰਮਰ ਆਈ.ਡੀ ਬਣਾਉਣ ਲਈ ਆਪਣੇ ਕਾਮਨ ਸਰਵਿਸ ਸੈਂਟਰ (CSC) ਵਿਖੇ ਜ਼ਮੀਨ ਦੀ ਫਰਦ ਅਤੇ ਆਧਾਰ ਕਾਰਡ ਸਮੇਤ ਸਪੰਰਕ ਕਰਨ। ਜਿਹਨਾਂ ਲਾਭਪਾਤਰੀਆਂ ਦੀ ਲੈਂਡ ਸੀਡਿੰਗ ਅਜੇ ਤੱਕ ਨਹੀਂ ਹੋਈ, ਉਨ੍ਹਾਂ ਦੀ ਫਾਰਮਰ ਆਈ.ਡੀ ਬਣਨ ਤੋਂ ਬਾਅਦ ਲੈਂਡ ਸੀਡਿੰਗ ਆਪਣੇ ਆਪ ਮੁਕੰਮਲ ਹੋ ਜਾਵੇਗੀ। ਫਾਰਮਰ ਆਈ.ਡੀ ਬਣਨ ਨਾਲ ਭਾਰਤ ਅਤੇ ਰਾਜ ਸਰਕਾਰ ਦੀਆਂ ਹੋਰ ਖੇਤੀਬਾੜੀ ਸਕੀਮਾਂ ਦਾ ਲਾਭ ਲੈਣਾ ਵੀ ਸੌਖਾ ਹੋ ਜਾਵੇਗਾ।

ਵਧੇਰੇ ਜਾਣਕਾਰੀ ਲਈ ਕਿਸਾਨ ਵੀਰ ਮੋਬਾਇਲ ਨੰਬਰ 7710665725 ਜਾਂ ਆਪਣੇ ਜਿਲ੍ਹੇ/ਬਲਾਕ ਦੇ ਖੇਤੀਬਾੜੀ ਦਫਤਰਾਂ ਨਾਲ ਸਪੰਰਕ ਕਰ ਸਕਦੇ ਹਨ।

ਡਾਇਰੈਕਟਰ,
ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ,ਪੰਜਾਬ।

# ਸੁਤੰਤਰਤਾ ਸੰਗਰਾਮੀਆਂ ਤੇ ਉਨ੍ਹਾਂ ਦੇ ਆਸ਼ਰਿਤਾਂ ਨੂੰ 11,000 ਪ੍ਰਤੀ ਮਹੀਨਾ ਪੈਨਸ਼ਨ ਦਿੱਤੀ ਜਾ ਰਹੀ ਹੈ : ਮੋਹਿੰਦਰ ਭਗਤ



ਚੰਡੀਗੜ੍ਹ, 29 ਅਪ੍ਰੈਲ (ਚ.ਨ.ਸ.): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੁਤੰਤਰਤਾ ਸੰਗਰਾਮੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਭਲਾਈ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਇਸ ਸਬੰਧੀ ਆਜ਼ਾਦੀ ਘੁਲਾਟੀਆ, ਰੱਖਿਆ ਸੇਵਾਵਾਂ ਭਲਾਈ ਅਤੇ ਬਾਗਬਾਨੀ ਮੰਤਰੀ ਮੋਹਿੰਦਰ ਭਗਤ ਨੇ ਦੱਸਿਆ ਕਿ ਸੂਬਾ ਸਰਕਾਰ ਵੱਲੋਂ ਪੰਜਾਬ ਦੇ ਸੁਤੰਤਰਤਾ ਸੰਗਰਾਮੀਆਂ, ਉਨ੍ਹਾਂ ਦੀਆਂ ਵਿਧਵਾਵਾਂ, ਅਣਵਿਆਹੀਆਂ ਤੇ ਬੇਰੋਜ਼ਗਾਰ ਧੀਆਂ ਤੇ ਅਣਵਿਆਹੇ ਬੇਰੋਜ਼ਗਾਰ ਪੁੱਤਰਾਂ ਨੂੰ 11,000 ਰੁਪਏ ਪ੍ਰਤੀ ਮਹੀਨਾ ਪੈਨਸ਼ਨ ਦਿੱਤੀ ਜਾ ਰਹੀ ਹੈ।

ਮੰਤਰੀ ਨੇ ਕਿਹਾ ਕਿ ਸੁਤੰਤਰਤਾ ਸੰਗਰਾਮੀਆਂ ਨੇ ਦੇਸ਼ ਦੀ ਆਜ਼ਾਦੀ ਲਈ ਮਹਾਨ ਯੋਗਦਾਨ ਦਿੱਤੇ ਹਨ ਅਤੇ ਉਨ੍ਹਾਂ ਦੀਆਂ ਕੁਰਬਾਨੀਆਂ ਸਦਾ ਯਾਦ ਰੱਖੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਉਨ੍ਹਾਂ ਦੇ ਸਨਮਾਨ ਤੇ ਭਲਾਈ ਲਈ ਲਗਾਤਾਰ ਯਤਨਸ਼ੀਲ ਹੈ। ਮੋਹਿੰਦਰ ਭਗਤ ਨੇ ਕਿਹਾ ਕਿ ਪੰਜਾਬ ਸਰਕਾਰ ਹਰ ਵਰਗ ਦੀ ਭਲਾਈ ਲਈ ਤੇਜ਼ੀ ਨਾਲ ਕੰਮ ਕਰ ਰਹੀ ਹੈ। ਸੁਤੰਤਰਤਾ ਸੰਗਰਾਮੀਆਂ ਦੇ ਪਰਿਵਾਰਾਂ ਨੂੰ ਹਰ ਸੰਭਵ ਸਹਾਇਤਾ ਪ੍ਰਦਾਨ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸੁਤੰਤਰਤਾ ਸੰਗਰਾਮੀਆਂ ਦੀ ਦੇਸ਼ ਪ੍ਰਤੀ ਸੇਵਾ ਅਤੇ ਤਿਆਗ ਨੌਜਵਾਨ ਪੀੜ੍ਹੀ ਲਈ ਪ੍ਰੇਰਣਾ ਸਰੋਤ ਹਨ। ਪੰਜਾਬ ਸਰਕਾਰ ਉਨ੍ਹਾਂ ਦੇ ਮਾਣ-ਸਨਮਾਨ ਨੂੰ ਕਾਇਮ ਰੱਖਣ ਨੂੰ ਤਰਜੀਹ ਦੇ ਰਹੀ ਹੈ।

# ਰੁਸਤਮ-ਏ-ਹਿੰਦ ਪਹਿਲਵਾਨ ਪ੍ਰੀਤਪਾਲ ਫਗਵਾੜਾ 'ਆਪ' ਵਿੱਚ ਸ਼ਾਮਲ



ਚੰਡੀਗੜ੍ਹ, 29 ਅਪ੍ਰੈਲ (ਅੰਮ੍ਰਿਤਪਾਲ ਸਿੰਘ): ਆਮ ਆਦਮੀ ਪਾਰਟੀ ਪੰਜਾਬ 'ਚ ਲਗਾਤਾਰ ਮਜ਼ਬੂਤ ਹੁੰਦੀ ਜਾ ਰਹੀ ਹੈ। ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਦੀਆਂ ਨੀਤੀਆਂ ਤੇ ਵਿਕਾਸ ਕਾਰਜਾਂ ਤੋਂ ਪ੍ਰਭਾਵਿਤ ਹੋ ਕੇ ਸਮਾਜ ਦੇ ਹਰ ਵਰਗ ਦੇ ਦਿੱਗਜ ਆਗੂ ਤੇ ਸ਼ਖ਼ਸੀਅਤਾਂ ਲਗਾਤਾਰ ਪਾਰਟੀ ਨਾਲ ਜੁੜ ਰਹੀਆਂ ਹਨ। ਇਸੇ ਲੜੀ ਤਹਿਤ ਪੰਜਾਬ ਦੇ ਖੇਡ ਜਗਤ ਨੂੰ ਉਸ ਵੇਲੇ ਵੱਡਾ ਬਲ ਮਿਲਿਆ, ਜਦੋਂ ਮਸ਼ਹੂਰ ਪਹਿਲਵਾਨ ਪ੍ਰੀਤਪਾਲ ਸਿੰਘ ਫਗਵਾੜਾ ਮੁੱਖ ਮੰਤਰੀ ਭਗਵੰਤ ਮਾਨ ਦੀ ਮੌਜੂਦਗੀ ਵਿੱਚ 'ਆਪ' ਵਿੱਚ ਸ਼ਾਮਲ ਹੋ ਗਏ। ਉਨ੍ਹਾਂ ਦੇ ਨਾਲ ਓਐੱਸਡੀ ਰਾਜਵੀਰ ਵੀ ਮੌਜੂਦ ਸਨ। ਰੁਸਤਮ-ਏ-ਹਿੰਦ ਤੇ ਹਿੰਦ ਕੇਸਰੀ ਵਰਗੇ ਵੱਡੇ ਖ਼ਿਤਾਬ ਆਪਣੇ ਨਾਮ ਕਰ ਚੁੱਕੇ ਪਹਿਲਵਾਨ ਪ੍ਰੀਤਪਾਲ ਸਿੰਘ ਦੇ ਆਉਣ ਨਾਲ ਪਾਰਟੀ ਨੂੰ ਨਾ ਸਿਰਫ਼ ਖੇਡ ਜਗਤ ਵਿੱਚ, ਸਗੋਂ ਦੋਆਬਾ ਖੇਤਰ 'ਚ ਵੀ ਵੱਡੀ ਮਜ਼ਬੂਤੀ ਮਿਲੀ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਪ੍ਰੀਤਪਾਲ ਸਿੰਘ ਦਾ ਸਵਾਗਤ ਕਰਦਿਆਂ ਕਿਹਾ ਕਿ ਖਿਡਾਰੀਆਂ ਅਤੇ ਨੌਜਵਾਨਾਂ ਦਾ ਪਾਰਟੀ 'ਤੇ ਇਹ ਵਧਦਾ ਭਰੋਸਾ ਦਰਸਾਉਂਦਾ ਹੈ ਕਿ ਪੰਜਾਬ ਬਦਲਾਅ ਦੀ ਰਾਹ 'ਤੇ ਤੇਜ਼ੀ ਨਾਲ ਅੱਗੇ ਵਧ ਰਿਹਾ ਹੈ। ਉਨ੍ਹਾਂ ਕਿਹਾ ਕਿ ਪ੍ਰੀਤਪਾਲ ਸਿੰਘ ਵਰਗੇ ਜ਼ਮੀਨ ਨਾਲ ਜੁੜੇ ਖਿਡਾਰੀਆਂ ਦੇ ਆਉਣ ਨਾਲ ਪਾਰਟੀ ਦੀਆਂ ਜੜ੍ਹਾਂ ਹੋਰ ਡੂੰਘੀਆਂ ਹੋਣਗੀਆਂ। ਦੂਜੇ ਪਾਸੇ ਪਹਿਲਵਾਨ ਪ੍ਰੀਤਪਾਲ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਕਾਰਜਸ਼ੈਲੀ ਤੇ ਪੰਜਾਬ ਨੂੰ 'ਰੰਗਲਾ ਪੰਜਾਬ' ਬਣਾਉਣ ਦੇ ਉਨ੍ਹਾਂ ਦੇ ਮਿਸ਼ਨ ਨੇ ਉਨ੍ਹਾਂ ਨੂੰ ਰਾਜਨੀਤੀ ਵਿੱਚ ਆਉਣ ਲਈ ਪ੍ਰੇਰਿਤ ਕੀਤਾ ਹੈ।

ਉਨ੍ਹਾਂ ਸੰਕਲਪ ਲਿਆ ਕਿ ਉਹ ਮੁੱਖ ਮੰਤਰੀ ਦੀ ਰਹਿਨੁਮਾਈ ਹੇਠ ਪੰਜਾਬ ਦੇ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਅਤੇ ਜਨਹਿੱਤ ਦੇ ਕਾਰਜਾਂ ਨੂੰ ਘਰ-ਘਰ ਪਹੁੰਚਾਉਣ ਲਈ ਪੂਰੀ ਨਿਸ਼ਠਾ ਨਾਲ ਕੰਮ ਕਰਨਗੇ। ਮੁੱਖ ਮੰਤਰੀ ਨੇ ਉਨ੍ਹਾਂ ਨੂੰ ਸਿਰੋਪਾ ਭੇਟ ਕਰਕੇ ਸਨਮਾਨਿਤ ਕੀਤਾ ਤੇ ਉਨ੍ਹਾਂ ਦੇ ਉੱਜਵਲ ਸਿਆਸੀ ਭਵਿੱਖ ਦੀ ਕਾਮਨਾ ਕੀਤੀ।

# ਸੰਜੀਵ ਅਰੋੜਾ ਵੱਲੋਂ ਨਗਰ ਨਿਗਮ ਨੂੰ ਮਲੇਰੀਆ ਤੇ ਡੇਂਗੂ ਦੀ ਰੋਕਥਾਮ ਲਈ ਸਮੇਂ ਸਿਰ ਫੌਗਿੰਗ ਯਕੀਨੀ ਬਣਾਉਣ ਦੇ ਨਿਰਦੇਸ਼




ਚੰਡੀਗੜ੍ਹ, 29 ਅਪ੍ਰੈਲ (ਚ.ਨ.ਸ.): ਉਦਯੋਗ ਤੇ ਵਣਜ, ਨਿਵੇਸ਼ ਪ੍ਰੋਤਸਾਹਨ, ਬਿਜਲੀ ਤੇ ਸਥਾਨਕ ਸਰਕਾਰਾਂ ਬਾਰੇ ਕੈਬਨਿਟ ਮੰਤਰੀ ਸੰਜੀਵ ਅਰੋੜਾ ਵੱਲੋਂ ਸੂਬੇ ਭਰ ਦੇ ਸਾਰੇ ਨਗਰ ਨਿਗਮ ਕਮਿਸ਼ਨਰਾਂ ਤੇ ਵਧੀਕ ਡਿਪਟੀ ਕਮਿਸ਼ਨਰਾਂ (ਜਨਰਲ ਅਤੇ ਸ਼ਹਿਰੀ ਵਿਕਾਸ) ਨੂੰ ਮਲੇਰੀਆ, ਡੇਂਗੂ ਤੇ ਹੋਰ ਵੈਕਟਰ-ਬੋਰਨ ਬਿਮਾਰੀਆਂ ਦੇ ਫੈਲਾਅ ਨੂੰ ਰੋਕਣ ਲਈ ਆਪੋ-ਆਪਣੇ ਖੇਤਰਾਂ ਵਿੱਚ ਵਿਆਪਕ ਫੌਗਿੰਗ ਕਾਰਜਾਂ ਨੂੰ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ। ਕੈਬਨਿਟ ਮੰਤਰੀ ਨੇ ਕਿਹਾ ਕਿ ਡੇਂਗੂ ਅਤੇ ਮੱਛਰਾਂ ਰਾਹੀਂ ਫੈਲਣ ਵਾਲੀਆਂ ਅਜਿਹੀਆਂ ਹੋਰ ਬਿਮਾਰੀਆਂ ਜਨਤਕ ਸਿਹਤ ਲਈ ਗੰਭੀਰ ਖ਼ਤਰਾ ਪੈਦਾ ਕਰਦੀਆਂ ਹਨ ਤੇ ਜੇਕਰ ਇਹਨਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਕਾਬੂ ਨਾ ਕੀਤਾ ਜਾਵੇ ਤਾਂ ਕੀਮਤੀ ਜਾਨਾਂ ਦਾ ਨੁਕਸਾਨ ਹੋ ਸਕਦਾ ਹੈ।

ਜਨਤਕ ਸਿਹਤ ਤੇ ਸੁਰੱਖਿਆ ਨੂੰ ਧਿਆਨ ਵਿੱਚ ਰੱਖਦਿਆਂ ਅਰੋੜਾ ਨੇ ਤੁਰੰਤ ਫੌਗਿੰਗ ਮੁਹਿੰਮਾਂ ਸ਼ੁਰੂ ਕਰਨ ਤੇ ਇਹ ਯਕੀਨੀ ਬਣਾਉਣ ਲਈ ਸਖ਼ਤ ਨਿਰਦੇਸ਼ ਜਾਰੀ ਕੀਤੇ ਕਿ ਇਹ ਕਾਰਜ ਨਿਯਮਤ ਢੰਗ ਨਾਲ ਕੀਤੇ ਜਾਣ ਤੇ ਅਕਤੂਬਰ ਤੱਕ ਚੱਲਣ ਵਾਲੇ ਪੀਕ ਸੀਜ਼ਨ ਤੋਂ ਪਹਿਲਾਂ ਮੁਕੰਮਲ ਕੀਤੇ ਜਾਣ। ਉਨ੍ਹਾਂ ਨੇ ਸਾਰੇ ਸਬੰਧਤ ਅਧਿਕਾਰੀਆਂ ਨੂੰ ਸਥਿਤੀ 'ਤੇ ਨੇੜਿਓਂ ਨਜ਼ਰ ਰੱਖਣ ਅਤੇ ਕੀਤੀ ਗਈ ਕਾਰਵਾਈ ਬਾਰੇ ਜਲਦ ਤੋਂ ਜਲਦ ਵਿਸਤ੍ਰਿਤ ਰਿਪੋਰਟਾਂ ਉਨ੍ਹਾਂ ਦੇ ਦਫ਼ਤਰ ਨੂੰ ਸੌਂਪਣ ਦੇ ਨਿਰਦੇਸ਼ ਦਿੱਤੇ ਤਾਂ ਜੋ ਜਵਾਬਦੇਹੀ ਤੇ ਸਮੇਂ ਸਿਰ ਲਾਗੂਕਰਨ ਨੂੰ ਯਕੀਨੀ ਬਣਾਇਆ ਜਾ ਸਕੇ।

ਗृह मंत्रालय
भारत सरकार

ਸਾਡੀ ਜਨਗਣਨਾ, ਸਾਡਾ ਵਿਕਾਸ
(ਜਨਗਣਨਾ 2027 ਦਾ ਪਹਿਲਾ ਪੜਾਅ)

ਭਾਰਤ ਸਰਕਾਰ ਤੁਹਾਡੇ ਰਾਜ/ਕੇਂਦਰ ਸ਼ਾਸਿਤ ਪ੍ਰਦੇਸ਼ ਵਿੱਚ ਘਰ-ਸੂਚੀ ਅਤੇ ਘਰ-ਜਨਗਣਨਾ ਸ਼ੁਰੂ ਕਰਨ ਵਾਲੀ ਹੈ।
ਇਸ ਤੋਂ ਪਹਿਲਾਂ, 15 ਦਿਨਾਂ ਦੀ ਇੱਕ ਵਿਸ਼ੇਸ਼ ਸੁਵਿਧਾ ਪ੍ਰਦਾਨ ਕੀਤੀ ਜਾ ਰਹੀ ਹੈ, ਜਿਸ ਦੌਰਾਨ ਤੁਸੀਂ ਆਪਣੇ ਵੇਰਵੇ ਔਨਲਾਈਨ ਖੁਦ ਭਰ ਸਕਦੇ ਹੋ।

ਮੈਂ ਹਾਂ ਪ੍ਰਗਤੀ
ਮੈਂ ਹਾਂ ਵਿਕਾਸ

ਸਵੈ-ਗਣਨਾ (Self-Enumeration)
ਸਰਲ ਅਤੇ ਸੁਰੱਖਿਅਤ ਡਿਜੀਟਲ ਸੁਵਿਧਾ

ਸਵੈ-ਗਣਨਾ ਕਿਵੇਂ ਕਰੀਏ ?

- ਅਧਿਕਾਰਤ ਪੋਰਟਲ (se.census.gov.in) 'ਤੇ ਜਾਓ
- ਆਪਣੇ ਮੋਬਾਇਲ ਨੰਬਰ ਤੋਂ ਓਟੀਪੀ ਰਾਹੀਂ ਲਾਗਇਨ ਕਰੋ
- ਆਪਣੇ ਰਾਜ, ਜ਼ਿਲ੍ਹਾ ਅਤੇ ਸਥਾਨਕ ਵੇਰਵੇ ਚੁਣੋ
- ਡਿਜੀਟਲ ਮਾਨਚਿਤਰ 'ਤੇ ਆਪਣੇ ਘਰ ਦੇ ਸਥਾਨ ਦੀ ਚੋਣ ਕਰੋ
- ਮਕਾਨ ਅਤੇ ਪਰਿਵਾਰ ਨਾਲ ਸੰਬਧਤ ਜਾਣਕਾਰੀ ਭਰੋ
- ਸਬਮਿਸ਼ਨ ਦੇ ਬਾਅਦ SE ID ਮਿਲੇਗੀ
- SE ID ਸੁਰੱਖਿਅਤ ਰੱਖੋ
- ਗਿਣਤੀਕਾਰ (Enumerator) ਆਉਣ 'ਤੇ SE ID ਦਿਓ
- ਗਿਣਤੀਕਾਰ ਜਾਣਕਾਰੀ ਦੀ ਪੁਸ਼ਟੀ ਕਰਨਗੇ

ਇਸਦੇ ਲਾਭ
- ਸਮਾਂ ਦੀ ਬਚਤ
- ਸਹੀ ਜਾਣਕਾਰੀ
- ਤੇਜ਼ ਡੇਟਾ ਪ੍ਰੋਸੈਸਿੰਗ

ਯਾਦ ਰੱਖੋ: ਸਵੈ-ਗਣਨਾ ਇੱਕ ਵਿਸ਼ੇਸ਼ ਸਹੂਲਤ ਹੈ।
ਜੇਕਰ ਤੁਸੀਂ ਸਵੈ-ਗਣਨਾ ਕਰਨ ਵਿੱਚ ਅਸਮਰੱਥ ਹੋ, ਤਾਂ ਚਿੰਤਾ ਨਾ ਕਰੋ; ਨਿਰਧਾਰਤ ਸਮੇਂ ਦੌਰਾਨ, ਇੱਕ ਗਣਨਾਕਾਰ ਤੁਹਾਡੇ ਵੇਰਵੇ ਦਰਜ ਕਰਨ ਲਈ ਤੁਹਾਡੇ ਘਰ ਆਵੇਗਾ।
ਤੁਹਾਡੀ ਸਾਰੀ ਜਾਣਕਾਰੀ ਪੂਰੀ ਤਰ੍ਹਾਂ ਗੁਪਤ ਅਤੇ ਸੁਰੱਖਿਅਤ ਰਹੇਗੀ।

ਪੰਜਾਬ
ਸਵੈ-ਗਣਨਾ: 30 ਅਪ੍ਰੈਲ ਤੋਂ 14 ਮਈ
ਮਕਾਨ ਸੂਚੀਕਰਨ: 15 ਮਈ ਤੋਂ 13 ਜੂਨ

ਆਓ ਆਪਾਂ ਆਪਣੀ ਜ਼ਿੰਮੇਵਾਰੀ ਨਿਭਾਈਏ; ਆਓ ਆਪਾਂ ਜਨਗਣਨਾ ਵਿੱਚ ਹਿੱਸਾ ਲਈਏ

CensusIndia2027

CBC 19108/13/0073/2627

## ਸੰਪਾਦਕੀ

# ਜ਼ਿੱਦ, ਜੰਗ ਤੇ ਹੋਰਮੁਜ਼

ਈਰਾਨ ਅਤੇ ਅਮਰੀਕਾ ਵਿਚਕਾਰ ਜੰਗਬੰਦੀ ਅਤੇ ਉਸ ਤੋਂ ਬਾਅਦ ਹੋਈ ਸ਼ਾਂਤੀ ਵਾਰਤਾ ਨੇ ਉਮੀਦ ਜਤਾਈ ਸੀ ਕਿ ਹੋਰਮੁਜ਼ ਜਲਡਮਰੂ ਰਾਹੀਂ ਜਹਾਜ਼ਰਾਨੀ ਆਮ ਵਾਂਗ ਹੋ ਜਾਵੇਗੀ। ਇਹ ਮੁੱਦਾ ਸਿਰਫ਼ ਇਨ੍ਹਾਂ ਦੋਵਾਂ ਦੇਸ਼ਾਂ ਤੱਕ ਸੀਮਤ ਨਹੀਂ ਹੈ, ਸਗੋਂ ਦੁਨੀਆ ਭਰ ਦੇ ਕਈ ਦੇਸ਼ਾਂ ਲਈ ਮਹੱਤਵਪੂਰਨ ਹੈ। ਹਾਲਾਂਕਿ, ਸਥਿਤੀ ਇੱਕ ਵਾਰ ਫਿਰ ਵਿਗੜਦੀ ਜਾ ਰਹੀ ਹੈ। ਇਜ਼ਰਾਈਲ-ਅਮਰੀਕੀ ਦੇ ਸਾਂਝੇ ਹਮਲੇ ਤੋਂ ਬਾਅਦ, ਈਰਾਨ ਨੇ ਬਦਲੇ ਵਿੱਚ ਹੋਰਮੁਜ਼ ਜਲਡਮਰੂ ਨੂੰ ਰੋਕ ਦਿੱਤਾ। ਉਦੋਂ ਤੋਂ ਸਿਰਫ਼ ਚੀਨ ਅਤੇ ਕੁਝ ਹੋਰ ਦੇਸ਼ਾਂ ਦੇ ਜਹਾਜ਼ਾਂ ਦੇ ਇਸ ਵਿੱਚੋਂ ਲੰਘਣ ਦੀ ਰਿਪੋਰਟ ਮਿਲੀ ਹੈ। ਇਹ ਸਥਿਤੀ ਭਾਰਤ ਸਮੇਤ ਕਈ ਦੇਸ਼ਾਂ ਲਈ ਨਿਰਾਸ਼ਾਜਨਕ ਹੈ। ਇੱਕ ਪਾਸੇ ਈਰਾਨ ਜਲਡਮਰੂ ਨੂੰ ਦੁਬਾਰਾ ਖੋਲ੍ਹਣ ਲਈ ਤਿਆਰ ਨਹੀਂ ਹੈ, ਜਦੋਂ ਕਿ ਦੂਜੇ ਪਾਸੇ ਅਮਰੀਕਾ ਨੇ ਆਰਥਿਕ ਦਬਾਅ ਵਧਾਉਣ ਲਈ ਖੇਤਰ ਦੀ ਨਾਕਾਬੰਦੀ ਦਾ ਐਲਾਨ ਕੀਤਾ ਹੈ, ਜਿਸ ਨਾਲ ਸੰਕਟ ਹੋਰ ਵਧ ਗਿਆ ਹੈ। ਹੁਣ, ਈਰਾਨ ਇਸ ਗੱਲ 'ਤੇ ਅੜਿਆ ਹੋਇਆ ਹੈ ਕਿ ਜਲਡਮਰੂ ਉਦੋਂ ਤੱਕ ਬੰਦ ਰਹੇਗਾ ਜਦੋਂ ਤੱਕ ਅਮਰੀਕਾ ਨਾਕਾਬੰਦੀ ਨਹੀਂ ਹਟਾਉਂਦਾ। ਇਸ ਦੌਰਾਨ ਅਮਰੀਕਾ ਇਸ ਗੱਲ 'ਤੇ ਅੜਿਆ ਹੋਇਆ ਹੈ ਕਿ ਪਾਬੰਦੀਆਂ ਉਦੋਂ ਤੱਕ ਲਾਗੂ ਰਹਿਣਗੀਆਂ ਜਦੋਂ ਤੱਕ ਈਰਾਨ ਜਲਡਮਰੂ ਨੂੰ ਨਹੀਂ ਖੋਲ੍ਹਦਾ। ਸਵਾਲ ਇਹ ਹੈ ਕਿ ਜੇਕਰ ਦੋਵੇਂ ਧਿਰਾਂ ਜ਼ਿੱਦੀ ਰਹਿੰਦੀਆਂ ਹਨ, ਤਾਂ ਕੀ ਸ਼ਾਂਤੀ ਯਤਨ ਕਦੇ ਕਿਸੇ ਠੋਸ ਨਤੀਜੇ 'ਤੇ ਪਹੁੰਚਣਗੇ? ਇੱਕ ਦਿਲਚਸਪ ਸਥਿਤੀ ਇਹ ਹੈ ਕਿ ਜੰਗਬੰਦੀ ਦੇ ਬਾਵਜੂਦ, ਦੋਵੇਂ ਦੇਸ਼ ਸਿੱਧੇ ਤੌਰ 'ਤੇ ਹਮਲਾ ਨਹੀਂ ਕਰ ਰਹੇ ਹਨ, ਫਿਰ ਵੀ ਮੱਧ ਪੂਰਬ ਤੋਂ ਤੇਲ ਅਤੇ ਗੈਸ ਦੀ ਸਪਲਾਈ, ਜਿਸ ਵਿੱਚ ਹੋਰਮੁਜ਼ ਜਲਡਮਰੂ ਵੀ ਸ਼ਾਮਲ ਹੈ, ਪ੍ਰਭਾਵਿਤ ਹੈ। ਇਹ ਕਈ ਦੇਸ਼ਾਂ ਵਿੱਚ ਊਰਜਾ ਸੰਕਟ ਨੂੰ ਵਧਾ ਰਿਹਾ ਹੈ, ਤੇਲ ਦੇ ਭੰਡਾਰ ਘੱਟ ਰਹੇ ਹਨ, ਮਹਿੰਗਾਈ ਵਧ ਰਹੀ ਹੈ ਅਤੇ ਰਸੋਈ ਗੈਸ ਦੀ ਘਾਟ ਆਮ ਜੀਵਨ ਨੂੰ ਵਿਗਾੜ ਰਹੀ ਹੈ। ਇਸਦਾ ਮਤਲਬ ਹੈ ਕਿ ਜਿਹੜੇ ਦੇਸ਼ ਇਸ ਟਕਰਾਅ ਵਿੱਚ ਸ਼ਾਮਲ ਨਹੀਂ ਹਨ, ਉਹ ਇਸ ਟਕਰਾਅ ਦੀ ਸਭ ਤੋਂ ਵੱਡੀ ਕੀਮਤ ਅਦਾ ਕਰ ਰਹੇ ਹਨ। ਕੀ ਅਮਰੀਕਾ ਅਤੇ ਈਰਾਨ ਨੂੰ ਇਹ ਨਹੀਂ ਸੋਚਣਾ ਚਾਹੀਦਾ ਕਿ ਉਨ੍ਹਾਂ ਦਾ ਜ਼ਿੱਦੀ ਰੁਖ਼ ਦੁਨੀਆ ਦੀ ਇੱਕ ਵੱਡੀ ਆਬਾਦੀ ਨੂੰ ਦੁੱਖ ਝੱਲਣ ਲਈ ਮਜਬੂਰ ਕਰ ਰਿਹਾ ਹੈ? ਇਹ ਧਿਆਨ ਦੇਣ ਯੋਗ ਹੈ ਕਿ ਹੋਰਮੁਜ਼ ਜਲਡਮਰੂ ਦੁਨੀਆ ਦੇ ਸਭ ਤੋਂ ਰਣਨੀਤਕ ਸਮੁੰਦਰੀ ਮਾਰਗਾਂ ਵਿੱਚੋਂ ਇੱਕ ਹੈ। ਵਿਸ਼ਵਵਿਆਪੀ ਸਮੁੰਦਰੀ ਤੇਲ ਵਪਾਰ ਦਾ ਲਗਭਗ 20 ਤੋਂ 25 ਪ੍ਰਤੀਸ਼ਤ ਇਸ ਤੰਗ ਚੈਨਲ ਵਿੱਚੋਂ ਲੰਘਦਾ ਹੈ। ਇਸ ਖੇਤਰ ਵਿੱਚ ਈਰਾਨ ਦੀ ਸਥਿਤੀ ਮਜ਼ਬੂਤ ਮੰਨੀ ਜਾਂਦੀ ਹੈ। ਈਰਾਨ ਨੇ ਸ਼ਾਂਤੀ ਵਾਰਤਾ ਤੋਂ ਪਹਿਲਾਂ ਇਸ ਰਸਤੇ ਨੂੰ ਦੁਬਾਰਾ ਖੋਲ੍ਹਣ ਦਾ ਸੰਕੇਤ ਦਿੱਤਾ ਸੀ, ਪਰ ਜੰਗਬੰਦੀ ਦੇ ਬਾਵਜੂਦ ਇਜ਼ਰਾਈਲ ਦੁਆਰਾ ਲੇਬਨਾਨ 'ਤੇ ਆਪਣੇ ਹਮਲੇ ਜਾਰੀ ਰੱਖਣ ਤੋਂ ਬਾਅਦ, ਇਸਨੇ ਦੁਬਾਰਾ ਆਵਾਜਾਈ ਨੂੰ ਰੋਕ ਦਿੱਤਾ। ਹੋਰਮੁਜ਼ ਜਲਡਮਰੂ ਨੂੰ ਬੰਦ ਕਰਨਾ ਈਰਾਨ ਦੀ ਅਮਰੀਕਾ ਅਤੇ ਇਜ਼ਰਾਈਲ ਸਮੇਤ ਅੰਤਰਰਾਸ਼ਟਰੀ ਦਬਾਅ ਪਾਉਣ ਦੀ ਰਣਨੀਤੀ ਦਾ ਹਿੱਸਾ ਹੋ ਸਕਦਾ ਹੈ, ਜਦੋਂ ਕਿ ਅਮਰੀਕਾ ਵੱਲੋਂ ਲਗਾਤਾਰ ਚੇਤਾਵਨੀਆਂ ਸਥਿਤੀ ਨੂੰ ਹੋਰ ਗੁੰਝਲਦਾਰ ਬਣਾ ਰਹੀਆਂ ਹਨ। ਜੇਕਰ ਇਹ ਸਥਿਤੀ ਜਾਰੀ ਰਹੀ, ਤਾਂ ਨਾ ਤਾਂ ਜੰਗਬੰਦੀ ਦਾ ਕੋਈ ਅਸਰ ਪਵੇਗਾ ਅਤੇ ਨਾ ਹੀ ਸ਼ਾਂਤੀ ਵਾਰਤਾ ਅੱਗੇ ਵਧੇਗੀ ਅਤੇ ਸਭ ਤੋਂ ਵੱਡਾ ਸਵਾਲ ਇਹ ਹੈ ਕਿ ਇਸ ਟਕਰਾਅ ਦਾ ਅੰਤ ਕੀ ਹੋਵੇਗਾ? ਈਰਾਨ ਨੇ ਪਾਕਿਸਤਾਨੀ ਵਿਚੋਲਿਆਂ ਰਾਹੀਂ ਅਮਰੀਕਾ ਨੂੰ ਹੋਰਮੁਜ਼ ਜਲਡਮਰੂ ਨੂੰ ਦੁਬਾਰਾ ਖੋਲ੍ਹਣ ਅਤੇ ਯੁੱਧ ਖਤਮ ਕਰਨ ਲਈ ਇੱਕ ਨਵਾਂ ਪ੍ਰਸਤਾਵ ਦਿੱਤਾ ਹੈ। ਅਮਰੀਕੀ ਮੀਡੀਆ ਆਊਟਲੈਟ ਐਕਸੀਓਸ ਨੇ ਐਤਵਾਰ ਨੂੰ ਇੱਕ ਅਮਰੀਕੀ ਅਧਿਕਾਰੀ ਅਤੇ ਇਸ ਮਾਮਲੇ ਤੋਂ ਜਾਣੂ ਦੋ ਸਰੋਤਾਂ ਦਾ ਹਵਾਲਾ ਦਿੰਦੇ ਹੋਏ ਇਹ ਰਿਪੋਰਟ ਦਿੱਤੀ। ਹਾਲਾਂਕਿ, ਪ੍ਰਮਾਣੂ ਗੱਲਬਾਤ ਨੂੰ ਬਾਅਦ ਦੀ ਤਾਰੀਖ ਤੱਕ ਮੁਲਤਵੀ ਕਰਨ ਦਾ ਪ੍ਰਸਤਾਵ ਰੱਖਿਆ ਗਿਆ ਹੈ। ਰਿਪੋਰਟ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਅਗਲੀ ਕਾਰਵਾਈ ਦੀ ਸਮੀਖਿਆ ਕਰਨ ਲਈ ਆਪਣੀ ਚੋਟੀ ਦੀ ਰਾਸ਼ਟਰੀ ਸੁਰੱਖਿਆ ਅਤੇ ਵਿਦੇਸ਼ ਨੀਤੀ ਟੀਮ ਨਾਲ ਈਰਾਨ 'ਤੇ ਸਥਿਤੀ ਕਮਰੇ ਦੀ ਮੀਟਿੰਗ ਕਰਨਗੇ।

**-ਜਗਜੀਤ ਸਿੰਘ ਦਰਦੀ**

## ਅੱਜ ਲੋਕਤੰਤਰ ਵਿੱਚ ਸਿਸਟਮ ਦੀ ਸੜਾਂਦ ਦਾ ਦ੍ਰਿਸ਼

# ਲੋਕਤੰਤਰ ਵਿੱਚ ਵੋਟ ਦੀ ਤਾਕਤ ਬਦਲ ਦਿੰਦੀ ਹੈ ਸਾਰੇ ਸਮੀਕਰਨ



ਪ੍ਰੋ . ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉੱਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

ਅੱਜ ਆਪਣੇ ਇਸ ਲੇਖ ਦੀ ਸ਼ੁਰੂਆਤ ਵਿੱਚ ਮੈਂ ਤੁਹਾਨੂੰ ਉਹ ਖ਼ਬਰ ਤੇ ਉਹ ਤਸਵੀਰ ਵਿਖਾਉਣਾ ਚਾਹੁੰਦਾ ਹਾਂ ਜੋ ਸਾਡੇ ਭਾਰਤੀ ਲੋਕਤੰਤਰ ਦੇ ਸੜ ਚੁੱਕੇ ਸਿਸਟਮ ਦੀ ਇੱਕ ਨੰਗੀ ਤਸਵੀਰ ਹੈ ਅਤੇ ਜਿਸ ਨੇ ਅੱਜ ਪੂਰੀ ਦੁਨੀਆ ਵਿੱਚ ਭਾਰਤੀ ਸਿਸਟਮ ਤੇ ਟਿੱਪਣੀ ਕਰਦਿਆਂ ਹੋਇਆਂ ਆਪਣਾ ਧਿਆਨ ਖਿੱਚਿਆ ਹੈ। ਇਹ ਖ਼ਬਰ ਉੜੀਸਾ ਤੋਂ ਆਈ ਹੈ ਜਿੱਥੇ ਸਿਸਟਮ ਦੀ ਸੜਾਂਦ ਦਾ ਦ੍ਰਿਸ਼ ਤੁਸੀਂ ਦੇਖ ਸਕਦੇ ਹੋ।

ਇਕ ਪਿੰਜਰ ਜਦੋਂ ਬੈਂਕ ਪਹੁੰਚਿਆ—ਇਹ ਸਾਡੇ ਸਿਸਟਮ ਦੀ ਸੜਾਂਦ ਦਾ ਨੰਗਾ ਸੱਚ ਹੈ। ਅੱਜ ਭਾਰਤ ਨੂੰ ਅਸੀਂ ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰ ਕਹਿੰਦੇ ਹਾਂ। ਸੰਵਿਧਾਨ ਨੂੰ ਕਲਿਆਣਕਾਰੀ ਰਾਜ ਦਾ ਪਵਿੱਤਰ ਦਸਤਾਵੇਜ਼ ਮੰਨਦੇ ਹਾਂ। ਗਰੀਬ, ਆਦਿਵਾਸੀ, ਦਲਿਤ, ਪਿੱਛੜੇ ਅਤੇ ਹਾਸ਼ੀਏ 'ਤੇ ਖੜ੍ਹੇ ਮਨੁੱਖ ਨੂੰ ਨਿਆਂ ਦੇਣ ਦੀਆਂ ਵੱਡੀਆਂ-ਵੱਡੀਆਂ ਗੱਲਾਂ ਕਰਦੇ ਹਾਂ। ਪਰ ਓਡੀਸ਼ਾ ਦੇ ਕਿਓਂਝਰ ਜ਼ਿਲ੍ਹੇ ਤੋਂ ਆਈ ਇੱਕ ਘਟਨਾ ਨੇ ਇਸ ਲੋਕਤੰਤਰ ਦੀ ਚਮਕਦੀ ਤਸਵੀਰ ਦੇ ਪਿੱਛੇ ਲੁਕਿਆ ਸੜਿਆ ਹੋਇਆ ਸੱਚ ਨੰਗਾ ਕਰ ਦਿੱਤਾ ਹੈ। ਇੱਕ ਆਦਿਵਾਸੀ ਵਿਅਕਤੀ—ਜੀਤੂ ਮੁੰਡਾ—ਆਪਣੀ ਮ੍ਰਿਤਕ ਭੈਣ ਦਾ ਪਿੰਜਰ ਬੈਂਕ ਵਿੱਚ ਲੈ ਕੇ ਪਹੁੰਚਦਾ ਹੈ, ਤਾਂ ਜੋ ਉਹ ਉਸਦੇ ਖਾਤੇ ਵਿੱਚ ਪਏ 20 ਹਜ਼ਾਰ ਰੁਪਏ ਕਢਵਾ ਸਕੇ। ਇਹ ਕੋਈ ਫ਼ਿਲਮ ਦਾ ਦ੍ਰਿਸ਼ ਨਹੀਂ, ਸਗੋਂ ਭਾਰਤੀ ਪ੍ਰਸ਼ਾਸਨ ਦੀ ਨਿਰਦਈ ਹਕੀਕਤ ਹੈ। ਬੈਂਕ ਕਰਮਚਾਰੀਆਂ ਨੇ ਉਸਨੂੰ ਕਿਹਾ ਕਿ ਖਾਤਾ ਧਾਰਕ ਨੂੰ ਲੈ ਕੇ ਆਓ। ਉਸਨੇ ਦੱਸਿਆ ਕਿ ਭੈਣ ਮਰ ਚੁੱਕੀ ਹੈ, ਪਰ ਸਿਸਟਮ ਦੇ ਕੰਨਾਂ ਵਿੱਚ ਮਨੁੱਖੀ ਦਰਦ ਦੀ ਕੋਈ ਸੁਣਵਾਈ ਨਹੀਂ ਸੀ। ਆਖ਼ਿਰਕਾਰ ਉਹ ਕਬਰ ਖੋਦ ਕੇ ਭੈਣ ਦਾ ਪਿੰਜਰ ਲੈ ਆਇਆ—ਸਬੂਤ ਵਜੋਂ।

ਅੱਜ ਸਵਾਲ ਇਹ ਨਹੀਂ ਕਿ ਜੀਤੂ ਅਨਪੜ੍ਹ ਸੀ। ਸਵਾਲ ਇਹ ਹੈ ਕਿ ਪੜ੍ਹੇ-ਲਿਖੇ, ਤਨਖ਼ਾਹਦਾਰ, ਨਿਯਮਾਂ ਦੇ ਰਖਵਾਲੇ ਇੰਨੇ ਬੇਹਿਸ ਕਿਵੇਂ ਹੋ ਗਏ ਕਿ ਇੱਕ ਮਨੁੱਖ ਨੂੰ ਆਪਣੀ ਮਰੀ ਹੋਈ ਭੈਣ ਦੀਆਂ ਹੱਡੀਆਂ ਲੈ ਕੇ ਬੈਂਕ ਆਉਣਾ ਪਿਆ?

ਅੱਜ ਇਹ ਸਿਰਫ਼ ਇੱਕ ਘਟਨਾ ਨਹੀਂ, ਇਹ ਸਿਸਟਮ ਦੇ ਗਲੇ ਸੜੇ ਚਿਹਰੇ 'ਤੇ ਪਿਆ ਥੱਪੜ ਹੈ। ਇਹ ਉਹੀ ਦੇਸ਼ ਹੈ ਜਿੱਥੇ ਕਈ ਵਾਰ ਮਰੀਜ਼ ਨੂੰ ਐਂਬੂਲੈਂਸ ਨਹੀਂ ਮਿਲਦੀ ਅਤੇ ਪਿਤਾ ਪੁੱਤਰ ਦੀ ਲਾਸ਼ ਮੋਢੇ 'ਤੇ ਚੁੱਕ ਕੇ ਹਸਪਤਾਲ ਤੋਂ ਘਰ ਜਾਂਦਾ ਹੈ। ਓਡੀਸ਼ਾ ਵਿੱਚ ਹੀ ਦਾਨਾ ਮਾਂਝੀ ਆਪਣੀ ਪਤਨੀ ਦੀ ਲਾਸ਼ 12 ਕਿਲੋਮੀਟਰ ਮੋਢੇ 'ਤੇ ਚੁੱਕ ਕੇ ਲੈ ਗਿਆ ਸੀ, ਕਿਉਂਕਿ ਸਰਕਾਰੀ ਪ੍ਰਬੰਧ ਉਸ ਲਈ ਮਰ ਚੁੱਕਾ ਸੀ। ਉਹ ਤਸਵੀਰ ਉਸ ਵੇਲੇ ਵੀ ਭਾਰਤ ਦੇ ਮੱਥੇ 'ਤੇ ਕਾਲਾ ਧੱਬਾ ਬਣੀ ਸੀ।

ਉੱਤਰ ਪ੍ਰਦੇਸ਼ ਵਿੱਚ ਇੱਕ ਧੀ ਨੇ ਆਪਣੇ ਬਜ਼ੁਰਗ ਪਿਤਾ ਦੀ ਲਾਸ਼ ਨੂੰ ਸਾਈਕਲ 'ਤੇ ਬੰਨ੍ਹ ਕੇ ਘਰ ਪਹੁੰਚਾਇਆ, ਕਿਉਂਕਿ ਨਾ ਸਰਕਾਰੀ ਮਦਦ ਮਿਲੀ, ਨਾ ਮਨੁੱਖਤਾ। ਕਿਤੇ ਗਰਭਵਤੀ ਔਰਤ ਨੂੰ ਹਸਪਤਾਲ ਦੇ ਗੇਟ 'ਤੇ ਬੱਚਾ ਜਨਮ ਦੇਣਾ ਪੈਂਦਾ ਹੈ, ਕਿਤੇ ਬਜ਼ੁਰਗ ਪੈਨਸ਼ਨ ਲਈ ਜਿਉਂਦਾ ਹੋਣ ਦਾ ਸਬੂਤ ਦੇਣ ਲਈ ਦਫ਼ਤਰਾਂ ਦੇ ਚੱਕਰ ਕੱਟਦਾ ਮਰ ਜਾਂਦਾ ਹੈ।

ਅੱਜ ਅਸੀਂ ਚੰਦਰਮਾ 'ਤੇ ਪਹੁੰਚ ਗਏ ਹਾਂ, ਪਰ ਆਪਣੇ ਹੀ ਨਾਗਰਿਕ ਨੂੰ ਬੈਂਕ ਵਿੱਚ ਇਹ ਸਾਬਤ ਕਰਨ ਲਈ ਕਿ ਉਸਦੀ ਭੈਣ ਮਰ ਗਈ ਹੈ, ਕਬਰ ਖੋਦਣੀ ਪੈਂਦੀ ਹੈ।

ਅੱਜ ਇਹ ਵਿਕਾਸ ਨਹੀਂ, ਇਹ ਵਿਵਸਥਾ ਦੀ ਵਿਕ੍ਰਿਤੀ ਹੈ। ਸਭ ਤੋਂ ਵੱਡਾ ਅਪਰਾਧ ਇਹ ਨਹੀਂ ਕਿ ਬੈਂਕ ਕਰਮਚਾਰੀ ਨੇ ਨਿਯਮ ਦੱਸਿਆ। ਅਪਰਾਧ ਇਹ ਹੈ ਕਿ ਉਸਨੇ ਮਨੁੱਖ ਨਹੀਂ ਵੇਖਿਆ। ਸੰਵਿਧਾਨ ਦਾ ਪਹਿਲਾ ਅੱਖਰ ਮਨੁੱਖੀ ਮਰਿਆਦਾ ਹੈ, ਪਰ ਸਾਡਾ ਪ੍ਰਸ਼ਾਸਨ ਕਾਗਜ਼ ਦੀ ਪੂਜਾ ਕਰਦਾ ਹੈ, ਮਨੁੱਖ ਦੀ ਨਹੀਂ। ਹੁਣ ਜਦੋਂ ਪ੍ਰਣਾਲੀ ਨਿਯਮਾਂ ਦੀ ਗੁਲਾਮ ਬਣ ਜਾਵੇ ਅਤੇ ਨਿਆਂ ਦੀ ਆਤਮਾ ਮਰ ਜਾਵੇ, ਤਦੋਂ ਲੋਕਤੰਤਰ ਸਿਰਫ਼ ਚੋਣਾਂ ਦਾ ਮੇਲਾ ਰਹਿ ਜਾਂਦਾ ਹੈ। ਫਿਰ ਸੰਵਿਧਾਨ ਕਿਤਾਬਾਂ ਵਿੱਚ ਰਹਿ ਜਾਂਦਾ ਹੈ ਅਤੇ ਆਦਮੀ ਦਫ਼ਤਰਾਂ ਦੀਆਂ ਪੌੜੀਆਂ 'ਤੇ ਮਰਦਾ ਹੈ।

ਅੱਜ ਇਹ ਘਟਨਾ ਪੁੱਛਦੀ ਹੈ—ਕੀ ਗਰੀਬ ਦਾ ਦਰਦ ਸਿਰਫ਼ ਖ਼ਬਰ ਹੈ? ਕੀ ਆਦਿਵਾਸੀ ਹੋਣਾ ਅਜੇ ਵੀ ਇਸ ਦੇਸ਼ ਵਿੱਚ ਦੂਜੇ ਦਰਜੇ ਦਾ ਨਾਗਰਿਕ ਹੋਣਾ ਹੈ? ਕੀ ਸੰਵਿਧਾਨ ਦੀਆਂ ਕਸਮਾਂ ਸਿਰਫ਼ ਮੰਚਾਂ ਲਈ ਹਨ? ਅੱਜ ਸਾਡਾ ਸਿਸਟਮ ਸੜ ਚੁੱਕਾ ਹੈ। ਇਸ ਸੜਾਂਦ ਦੀ ਬੂ ਹੁਣ ਲੁਕਾਈ ਨਹੀਂ ਜਾ ਸਕਦੀ। ਇਹ ਸਿਰਫ਼ ਭ੍ਰਿਸ਼ਟਾਚਾਰ ਦੀ ਨਹੀਂ, ਇਹ ਸੰਵੇਦਨਾ ਦੀ ਮੌਤ ਦੀ ਬੂ ਹੈ।

ਅੱਜ ਲੋੜ ਸਿਰਫ਼ ਕਾਰਵਾਈ ਦੀ ਨਹੀਂ, ਆਤਮ-ਚਿੰਤਨ ਦੀ ਹੈ। ਬੈਂਕ ਅਧਿਕਾਰੀਆਂ ਨੂੰ ਸਸਪੈਂਡ ਕਰ ਦੇਣਾ ਕਾਫ਼ੀ ਨਹੀਂ। ਲੋੜ ਹੈ ਉਸ ਪ੍ਰਸ਼ਾਸਨਿਕ ਸੋਚ ਨੂੰ ਬਦਲਣ ਦੀ ਜੋ ਗਰੀਬ ਨੂੰ ਸ਼ੱਕ ਨਾਲ ਅਤੇ ਅਮੀਰ ਨੂੰ ਸਨਮਾਨ ਨਾਲ ਵੇਖਦੀ ਹੈ। ਜਿਸ ਦਿਨ ਇੱਕ ਆਦਿਵਾਸੀ ਨੂੰ ਆਪਣੀ ਭੈਣ ਦਾ ਪਿੰਜਰ ਲੈ ਕੇ ਬੈਂਕ ਨਾ ਜਾਣਾ ਪਵੇ, ਉਸ ਦਿਨ ਅਸੀਂ ਸੱਚਮੁੱਚ ਲੋਕਤੰਤਰ ਕਹਿਲਾਉਣ ਦੇ ਯੋਗ ਹੋਵਾਂਗੇ। ਫਿਲਹਾਲ ਤਾਂ ਇਹ ਲੱਗਦਾ ਹੈ—
ਭਾਰਤ ਵਿੱਚ ਆਮ ਆਦਮੀ ਜ਼ਿੰਦਾ ਰਹਿਣ ਲਈ ਨਹੀਂ, ਆਪਣੀ ਮਨੁੱਖਤਾ ਸਾਬਤ ਕਰਨ ਲਈ ਲੜ ਰਿਹਾ ਹੈ।

**ਹੁਣ ਲੋਕਤੰਤਰ ਤੇ ਰਾਜਨੀਤੀ ਦੀ ਗੱਲ:** ਬੰਗਾਲ ਦੀ ਬੰਪਰ ਵੋਟਿੰਗ ਅਤੇ ਲੋਕਤੰਤਰ ਦੀ ਤਾਕਤ ਨੂੰ ਅੱਜ ਭਾਰਤੀ ਲੋਕਤੰਤਰ ਨੇ ਇੱਕ ਵਾਰ ਫਿਰ ਆਪਣੀ ਤਾਕਤ ਅਤੇ ਸੰਵੇਦਨਸ਼ੀਲਤਾ ਦਾ ਪ੍ਰਗਟਾਵਾ ਕੀਤਾ ਹੈ। ਪੰਜ ਰਾਜਾਂ ਵਿੱਚ ਚੱਲ ਰਹੀਆਂ ਵਿਧਾਨ ਸਭਾ ਚੋਣਾਂ ਵਿੱਚ ਬੰਗਾਲ ਵਿੱਚ 92 ਫੀਸਦੀ ਤੋਂ ਵੀ ਵੱਧ ਵੋਟਿੰਗ ਹੋਣੀ ਇੱਕ ਬਹੁਤ ਵੱਡਾ ਸੰਦੇਸ਼ ਹੈ। ਇਹ ਸਿਰਫ਼ ਇੱਕ ਆਂਕੜਾ ਨਹੀਂ, ਬਲਕਿ ਲੋਕਤੰਤਰ ਦੀ ਜੀਵੰਤਤਾ ਅਤੇ ਲੋਕਾਂ ਦੀ ਭਾਗੀਦਾਰੀ ਦਾ ਜੀਵੰਤ ਸਬੂਤ ਹੈ।

ਅੱਜ ਜਦੋਂ ਇੱਕ ਰਾਜ ਵਿੱਚ 92 ਫੀਸਦੀ ਤੋਂ ਵੱਧ ਲੋਕ ਆਪਣਾ ਵੋਟ ਪਾਉਣ ਲਈ ਘਰਾਂ ਤੋਂ ਨਿਕਲਦੇ ਹਨ, ਤਾਂ ਇਹ ਦਰਸਾਉਂਦਾ ਹੈ ਕਿ ਲੋਕ ਆਪਣੀ ਆਵਾਜ਼ ਨੂੰ ਅਜੇ ਵੀ ਮਹੱਤਵ ਦਿੰਦੇ ਹਨ। ਭਾਰਤ ਵਰਗੇ ਵਿਸ਼ਾਲ ਅਤੇ ਵਿਭਿੰਨਤਾ ਵਾਲੇ ਦੇਸ਼ ਵਿੱਚ ਇਸ ਤਰ੍ਹਾਂ ਦੀ ਬੰਪਰ ਵੋਟਿੰਗ ਇੱਕ ਵੱਡੀ ਘਟਨਾ ਹੈ। ਇਸ ਨੇ ਇੱਕ ਵਾਰ ਫਿਰ ਸਾਬਤ ਕੀਤਾ ਹੈ ਕਿ ਭਾਰਤੀ ਲੋਕਤੰਤਰ ਅਜੇ ਵੀ ਜੀਵੰਤ ਹੈ, ਇਸ ਵਿੱਚ ਲੋਕਾਂ ਦੀ ਭਾਗੀਦਾਰੀ ਘਟੀ ਨਹੀਂ ਹੈ, ਬਲਕਿ ਉਲਟਾ ਵਧ ਰਹੀ ਹੈ। ਬੰਗਾਲ ਵਿੱਚ ਇਸ ਵਾਰ ਦੀ ਵੋਟਿੰਗ ਨੇ ਲੋਕਤੰਤਰ ਦੀ ਤਾਕਤ ਨੂੰ ਇੱਕ ਨਵੀਂ ਉਚਾਈ ਤੱਕ ਪਹੁੰਚਾਇਆ ਹੈ। ਇੱਥੇ ਲੋਕਾਂ ਨੇ ਤਾਪਮਾਨ, ਵਰਖਾ ਅਤੇ ਹੋਰ ਔਖੀਆਂ ਹਾਲਤਾਂ ਵਿੱਚ ਵੀ ਆਪਣੀ ਆਵਾਜ਼ ਬੁਲੰਦ ਕੀਤੀ।

ਅੱਜ ਇਹ ਦਰਸਾਉਂਦਾ ਹੈ ਕਿ ਲੋਕ ਆਪਣੇ ਭਵਿੱਖ ਲਈ ਚਿੰਤਤ ਹਨ ਅਤੇ ਉਹ ਆਪਣੀ ਆਵਾਜ਼ ਰਾਹੀਂ ਤਬਦੀਲੀ ਲਿਆਉਣਾ ਚਾਹੁੰਦੇ ਹਨ। ਇਸ ਵੋਟਿੰਗ ਨੇ ਇੱਕ ਵਾਰ ਫਿਰ ਸਾਬਤ ਕੀਤਾ ਹੈ ਕਿ ਭਾਰਤ ਵਿੱਚ ਲੋਕਤੰਤਰ ਸਿਰਫ਼ ਇੱਕ ਰੂਪ ਨਹੀਂ, ਬਲਕਿ ਇੱਕ ਜੀਵੰਤ ਪ੍ਰਕਿਰਿਆ ਹੈ ਜੋ ਲੋਕਾਂ ਦੀ ਭਾਗੀਦਾਰੀ ਨਾਲ ਹੀ ਜੀਉਂਦੀ ਰਹਿੰਦੀ ਹੈ। ਲੋਕਤੰਤਰ ਦੀ ਤਾਕਤ ਇਸ ਗੱਲ ਵਿੱਚ ਹੈ ਕਿ ਇੱਥੇ ਲੋਕ ਆਪਣੀ ਆਵਾਜ਼ ਨਾਲ ਸੱਤਾ ਬਦਲ ਸਕਦੇ ਹਨ। ਭਾਰਤ ਵਿੱਚ ਚੋਣਾਂ ਲੋਕਾਂ ਨੂੰ ਇੱਕ ਅਜਿਹਾ ਮੰਚ ਮੁਹੱਈਆ ਕਰਾਉਂਦੀਆਂ ਹਨ ਜਿੱਥੇ ਗਰੀਬ ਤੋਂ ਅਮੀਰ, ਇੱਕ ਵਿਦਿਆਰਥੀ ਤੋਂ ਇੱਕ ਬਜ਼ੁਰਗ ਤੱਕ ਸਭ ਆਪਣੀ ਆਵਾਜ਼ ਬਣ ਕੇ ਲੋਕਤੰਤਰ ਨੂੰ ਮਜ਼ਬੂਤ ਬਣਾਉਂਦੇ ਹਨ। ਬੰਗਾਲ ਵਿੱਚ ਇਸ ਵਾਰ ਦੀ ਬੰਪਰ ਵੋਟਿੰਗ ਨੇ ਇਸ ਤਾਕਤ ਨੂੰ ਇੱਕ ਵਾਰ ਫਿਰ ਉਜਾਗਰ ਕੀਤਾ ਹੈ। ਪਰ ਇਸ ਤਾਕਤ ਦੇ ਨਾਲ ਇੱਕ ਵੱਡੀ ਜ਼ਿੰਮੇਵਾਰੀ ਵੀ ਹੈ।

ਅੱਜ ਲੋਕਤੰਤਰ ਸਿਰਫ਼ ਵੋਟ ਪਾਉਣ ਤੱਕ ਸੀਮਤ ਨਹੀਂ, ਇਹ ਲੋਕਾਂ ਅਤੇ ਰਾਜਨੀਤਿਕ ਲੀਡਰਾਂ ਵਿਚਾਲੇ ਇੱਕ ਲਗਾਤਾਰ ਸੰਵਾਦ ਹੈ। ਲੋਕ ਆਪਣੀਆਂ ਉਮੀਦਾਂ ਪ੍ਰਗਟ ਕਰਦੇ ਹਨ ਅਤੇ ਲੀਡਰ ਉਨ੍ਹਾਂ ਨੂੰ ਪੂਰਾ ਕਰਨ ਦਾ ਵਾਅਦਾ ਕਰਦੇ ਹਨ। ਜਦੋਂ ਇਹ ਵਾਅਦੇ ਖੋਖਲੇ ਸਾਬਤ ਹੁੰਦੇ ਹਨ ਤਾਂ ਲੋਕਾਂ ਦਾ ਗੁੱਸਾ ਅਗਲੀ ਚੋਣਾਂ ਵਿੱਚ ਇੱਕ ਵੱਡੀ ਲਹਿਰ ਬਣ ਕੇ ਉਭਰਦਾ ਹੈ। ਬੰਗਾਲ ਵਿੱਚ ਇਸ ਵਾਰ ਦੀ ਵੋਟਿੰਗ ਨੇ ਇਸ ਗੱਲ ਨੂੰ ਵੀ ਉਜਾਗਰ ਕੀਤਾ ਹੈ ਕਿ ਲੋਕ ਆਪਣੀਆਂ ਭਾਵਨਾਵਾਂ ਨੂੰ ਗੰਭੀਰਤਾ ਨਾਲ ਲੈ ਰਹੇ ਹਨ। ਭਾਰਤੀ ਲੋਕਤੰਤਰ ਦੀ ਤਾਕਤ ਇਸ ਗੱਲ ਵਿੱਚ ਹੈ ਕਿ ਇੱਥੇ ਲੋਕ ਆਪਣੀ ਆਵਾਜ਼ ਨਾਲ ਇਤਿਹਾਸ ਰਚਦੇ ਹਨ। ਅੱਜ ਬੰਗਾਲ ਵਿੱਚ 92 ਫੀਸਦੀ ਤੋਂ ਵੱਧ ਵੋਟਿੰਗ ਨੇ ਇੱਕ ਵਾਰ ਫਿਰ ਸਾਬਤ ਕੀਤਾ ਹੈ ਕਿ ਲੋਕਤੰਤਰ ਅਜੇ ਵੀ ਜੀਵੰਤ ਹੈ ਅਤੇ ਲੋਕ ਇਸ ਵਿੱਚ ਆਪਣੀ ਭਾਗੀਦਾਰੀ ਨੂੰ ਮਹੱਤਵ ਦਿੰਦੇ ਹਨ। ਇਸ ਲਈ ਲੋਕਤੰਤਰ ਨੂੰ ਹੋਰ ਮਜ਼ਬੂਤ ਬਣਾਉਣ ਲਈ ਹਰ ਇੱਕ ਨਾਗਰਿਕ ਨੂੰ ਆਪਣੀ ਜ਼ਿੰਮੇਵਾਰੀ ਨਿਭਾਉਣੀ ਪਵੇਗੀ। ਤਾਂ ਹੀ ਇਹ ਲੋਕਤੰਤਰ ਦੁਨੀਆਂ ਲਈ ਇੱਕ ਪ੍ਰੇਰਣਾ ਬਣਿਆ ਰਹੇਗਾ। ਅੱਜ ਪੰਜਾਬ ਦੀ ਗੱਲ ਸਿਰਫ ਵਿਸ਼ੇਸ਼ ਇਜਲਾਸਾਂ ਦਾ ਰੁਝਾਨ ਹੈ ਅੱਜ ਪੰਜਾਬ ਫਿਰ ਉਲਝ ਗਿਆ ਹੈ — ਵਿਸ਼ੇਸ਼ ਇਜਲਾਸ ਅਤੇ ਰਾਜਨੀਤੀ ਦਾ ਖੋਖਲਾਪਨ ਸਾਹਮਣੇ ਹੈ। ਪੰਜਾਬ ਵਿੱਚ ਵੀ ਰਾਜਨੀਤੀ ਇੱਕ ਵਾਰ ਫਿਰ ਉਲਝ ਗਈ ਹੈ। ਵਿਸ਼ੇਸ਼ ਇਜਲਾਸ ਬੁਲਾਉਣ ਦੀ ਰਾਜਨੀਤੀ ਚੱਲ ਰਹੀ ਹੈ ਅਤੇ ਲੋਕ ਪੁੱਛ ਰਹੇ ਹਨ ਕਿ ਹਰ ਵਾਰ ਵਿਸ਼ੇਸ਼ ਇਜਲਾਸ ਦੀ ਲੋੜ ਕਿਉਂ ਪੈਂਦੀ ਹੈ? ਕੀ ਸਰਕਾਰ ਆਪਣੀਆਂ ਨੀਤੀਆਂ ਨੂੰ ਲੋਕਾਂ ਤੱਕ ਪਹੁੰਚਾਉਣ ਲਈ ਇਸ ਤਰ੍ਹਾਂ ਦੇ ਇਜਲਾਸ ਬੁਲਾਉਂਦੀ ਹੈ ਜਾਂ ਲੋਕਾਂ ਦਾ ਪੈਸਾ ਇਸ ਤਰ੍ਹਾਂ ਹੀ ਪਾਣੀ ਵਾਂਗ ਬਹਾਇਆ ਜਾਣਾ ਹੈ? ਪੰਜਾਬ ਵਿੱਚ ਵਿਸ਼ੇਸ਼ ਇਜਲਾਸ ਬੁਲਾਉਣ ਦੀ ਪ੍ਰਥਾ ਇੱਕ ਰਾਜਨੀਤਿਕ ਖੇਡ ਬਣ ਚੁੱਕੀ ਹੈ। ਹਰ ਵਾਰ ਜਦੋਂ ਸਰਕਾਰ ਨੂੰ ਆਪਣੀਆਂ ਨੀਤੀਆਂ ਜਾਂ ਫੈਸਲਿਆਂ ਲਈ ਲੋਕਾਂ ਦਾ ਸਮਰਥਨ ਚਾਹੀਦਾ ਹੈ ਤਾਂ ਉਹ ਵਿਸ਼ੇਸ਼ ਇਜਲਾਸ ਬੁਲਾਉਂਦੀ ਹੈ। ਇਸ ਇਜਲਾਸ ਵਿੱਚ ਭਾਰੀ ਖਰਚਾ ਹੁੰਦਾ ਹੈ — ਵਿਧਾਇਕਾਂ ਦੀ ਯਾਤਰਾ, ਸੁਰੱਖਿਆ, ਲੌਜਿਸਟਿਕਸ ਅਤੇ ਹੋਰ ਖਰਚੇ। ਲੋਕ ਇਸ ਖਰਚੇ ਨੂੰ ਲੋਕਾਂ ਦੇ ਪੈਸੇ ਵਜੋਂ ਵੇਖਦੇ ਹਨ ਅਤੇ ਪੁੱਛਦੇ ਹਨ ਕਿ ਇਸ ਤਰ੍ਹਾਂ ਦਾ ਖਰਚਾ ਕਿਸ ਲਈ ਹੈ? ਅੱਜ ਪੰਜਾਬ ਵਿੱਚ ਰਾਜਨੀਤੀ ਅੱਜ ਵੀ ਇੱਕ ਖੋਖਲੀ ਖੇਡ ਬਣੀ ਹੋਈ ਹੈ। ਰਾਜਨੀਤਿਕ ਪਾਰਟੀਆਂ ਆਪਣੀਆਂ ਲੜਾਈਆਂ ਲੜ ਰਹੀਆਂ ਹਨ ਅਤੇ ਲੋਕ ਇਸ ਵਿਚਕਾਰ ਭੁਲੇਖੇ ਵਿੱਚ ਹਨ। ਆਪ ਪਾਰਟੀ ਵਿੱਚ ਟੁੱਟ-ਫੁੱਟ ਚੱਲ ਰਹੀ ਹੈ, ਭਾਜਪਾ ਆਪਣੀ ਪਕੜ ਮਜ਼ਬੂਤ ਕਰਨ ਲਈ ਰਣਨੀਤੀਆਂ ਬਦਲ ਰਹੀ ਹੈ ਅਤੇ ਲੋਕ ਪੁੱਛ ਰਹੇ ਹਨ ਕਿ ਇਸ ਸਭ ਵਿੱਚ ਪੰਜਾਬ ਕਿਸ ਦੇ ਭਰੋਸੇ ਚੱਲੇਗਾ? ਅੱਜ ਵਿਸ਼ੇਸ਼ ਇਜਲਾਸ ਬੁਲਾਉਣ ਦਾ ਮੁੱਖ ਉਦੇਸ਼ ਆਮ ਤੌਰ 'ਤੇ ਲੋਕਾਂ ਨੂੰ ਆਪਣੀਆਂ ਨੀਤੀਆਂ ਬਾਰੇ ਜਾਗਰੂਕ ਕਰਨਾ ਹੁੰਦਾ ਹੈ, ਪਰ ਪੰਜਾਬ ਵਿੱਚ ਇਹ ਇੱਕ ਰਾਜਨੀਤਿਕ ਖੇਡ ਬਣ ਚੁੱਕਾ ਹੈ। ਲੋਕ ਇਸ ਨੂੰ ਲੋਕਾਂ ਦੇ ਪੈਸੇ ਦੀ ਬਰਬਾਦੀ ਵਜੋਂ ਵੇਖ ਰਹੇ ਹਨ। ਉਨ੍ਹਾਂ ਨੂੰ ਲੱਗ ਰਿਹਾ ਹੈ ਕਿ ਸਰਕਾਰ ਆਪਣੀਆਂ ਨੀਤੀਆਂ ਨੂੰ ਲਾਗੂ ਕਰਨ ਲਈ ਲੋਕਾਂ ਦਾ ਪੈਸਾ ਇਸ ਤਰ੍ਹਾਂ ਬਹਾਉਣਾ ਚਾਹੁੰਦੀ ਹੈ। ਪੰਜਾਬ ਵਿੱਚ ਰਾਜਨੀਤੀ ਅੱਜ ਵੀ ਇੱਕ ਖੋਖਲੀ ਖੇਡ ਬਣੀ ਹੋਈ ਹੈ। ਰਾਜਨੀਤਿਕ ਪਾਰਟੀਆਂ ਆਪਣੀਆਂ ਲੜਾਈਆਂ ਲੜ ਰਹੀਆਂ ਹਨ ਅਤੇ ਲੋਕ ਇਸ ਵਿਚਕਾਰ ਭੁਲੇਖੇ ਵਿੱਚ ਹਨ। ਲੋਕ ਗੁੱਸੇ ਵਿੱਚ ਹਨ ਅਤੇ ਉਨ੍ਹਾਂ ਨੂੰ ਲੱਗ ਰਿਹਾ ਹੈ ਕਿ ਉਨ੍ਹਾਂ ਦੀ ਆਵਾਜ਼ ਕਿਸੇ ਨੂੰ ਸੁਣਾਈ ਨਹੀਂ ਦੇ ਰਹੀ।

ਅੱਜ ਇਸ ਲਈ ਲੋਕਾਂ ਨੂੰ ਆਪਣੀ ਆਵਾਜ਼ ਬੁਲੰਦ ਕਰਨੀ ਪਵੇਗੀ ਅਤੇ ਰਾਜਨੀਤਿਕ ਲੀਡਰਾਂ ਨੂੰ ਜਵਾਬਦੇਹ ਬਣਾਉਣਾ ਪਵੇਗਾ। ਪੰਜਾਬ ਇੱਕ ਵਾਰ ਫਿਰ ਉੱਠਣ ਦੇ ਮੋੜ 'ਤੇ ਖੜ੍ਹਾ ਹੈ। ਲੋਕਾਂ ਨੂੰ ਆਪਣੀ ਆਵਾਜ਼ ਬੁਲੰਦ ਕਰਨੀ ਪਵੇਗੀ ਅਤੇ ਰਾਜਨੀਤਿਕ ਲੀਡਰਾਂ ਨੂੰ ਲੋਕਾਂ ਦੀ ਆਵਾਜ਼ ਨੂੰ ਸਨਮਾਨ ਦੇਣਾ ਚਾਹੀਦਾ ਹੈ ਤਾਂ ਹੀ ਪੰਜਾਬ ਇੱਕ ਵਾਰ ਫਿਰ ਆਪਣੀ ਗੌਰਵ ਵਾਲੀ ਧਰਤੀ ਬਣ ਸਕਦਾ ਹੈ।

# ਨਵੇਂ ਜ਼ਿੰਮੇਵਾਰ ਆਨਲਾਈਨ ਗੇਮਿੰਗ ਈਕੋਸਿਸਟਮ ਦਾ ਨਿਰਮਾਣ

ਸ਼੍ਰੀ ਐੱਸ. ਕ੍ਰਿਸ਼ਣਨ

ਔਨਲਾਈਨ ਗੇਮਿੰਗ ਲਈ ਇੱਕ ਰਾਸ਼ਟਰੀ ਢਾਂਚਾ ਸਥਾਪਿਤ ਕਰਨ ਦੀ ਦਿਸ਼ਾ ਵਿੱਚ ਭਾਰਤ ਦੀ ਪਹਿਲ ਮੌਕਾ ਅਤੇ ਜੋਖਮ ਦੇ ਸੰਗਮ ਤੋਂ ਪੈਦਾ ਹੋਈ ਹੈ। ਬੀਤੇ ਇੱਕ ਦਹਾਕੇ ਵਿੱਚ ਡਿਜ਼ੀਟਲ ਗੇਮਿੰਗ ਦਾ ਤੇਜ਼ੀ ਨਾਲ ਵਿਸਥਾਰ ਹੋਇਆ ਹੈ, ਜਿਸ ਨੂੰ ਵੱਡੇ ਪੱਧਰ 'ਤੇ ਸਮਾਰਟ ਫੋਨ ਅਪਣਾਉਣ, ਕਿਫਾਇਤੀ ਇੰਟਰਨੈੱਟ ਕਨੈਕਟੀਵਿਟੀ ਅਤੇ ਤਕਨੀਕ ਦੀ ਵਰਤੋਂ ਕਰਨ ਅਤੇ ਉਸ 'ਤੇ ਨਿਰਭਰ ਰਹਿਣ ਵਾਲੀ ਯੁਵਾ ਆਬਾਦੀ ਦਾ ਸਮਰਥਨ ਮਿਲਿਆ ਹੈ। ਇਸ ਵਿਕਾਸ ਨੇ ਨਵੀਨਤਾ, ਕੌਸ਼ਲ ਵਿਕਾਸ, ਰਚਨਾਤਮਕ ਉਦਯੋਗਾਂ ਅਤੇ ਰੁਜ਼ਗਾਰ ਪੈਦਾ ਕਰਨ ਲਈ ਸਾਰਥਕ ਮੌਕਿਆਂ ਦੀ ਸਿਰਜਣਾ ਕੀਤੀ ਹੈ। ਮਨੋਰੰਜਨ ਲਈ ਗੇਮਿੰਗ ਅਤੇ ਸੰਗਠਿਤ ਪ੍ਰਤੀਯੋਗੀ ਫਾਰਮੈੱਟਾਂ ਨੇ ਵੀ ਭਾਰਤ ਦੀ ਡਿਜ਼ੀਟਲ ਅਰਥਵਿਵਸਥਾ ਵਿੱਚ ਮਹੱਤਵਪੂਰਨ ਯੋਗਦਾਨ ਪਾਉਣ ਦੀ ਸੰਭਾਵਨਾ ਦਾ ਪ੍ਰਦਰਸ਼ਨ ਕੀਤਾ ਹੈ।

ਇਨ੍ਹਾਂ ਮੌਕਿਆਂ ਦੇ ਨਾਲ-ਨਾਲ, ਔਨਲਾਈਨ ਰੀਅਲ ਮਨੀ ਗੇਮਿੰਗ-ਵਿਸ਼ੇਸ਼ ਤੌਰ 'ਤੇ ਸੱਟੇਬਾਜ਼ੀ ਅਤੇ ਦਾਅ ਲਗਾਉਣ ਵਾਲੇ (ਯਾਨੀ ਬੇਟਿੰਗ ਵੇਜਰਿੰਗ) ਪਲੇਟਫਾਰਮਾਂ-ਨੇ ਵੀ ਗੰਭੀਰ ਸਮਾਜਿਕ ਅਤੇ ਆਰਥਿਕ ਚਿੰਤਾਵਾਂ ਨੂੰ ਜਨਮ ਦਿੱਤਾ ਹੈ। ਬਹੁਤ ਸਾਰੇ ਅਜਿਹੇ ਸੇਵਾ ਪ੍ਰਦਾਤਾ ਰਾਜ ਦੀਆਂ ਸਰਹੱਦਾਂ ਦੇ ਪਾਰ ਜਾਂ ਵਿਦੇਸ਼ੀ ਅਧਿਕਾਰ ਖੇਤਰਾਂ ਤੋਂ ਕੰਮ ਕਰਦੇ ਸਨ, ਜੋ ਘਰੇਲੂ ਸੁਰੱਖਿਆ ਉਪਾਵਾਂ ਨੂੰ ਅਣਗੌਲਿਆ ਕਰਦੇ ਸਨ ਅਤੇ ਕਾਨੂੰਨਾਂ ਨੂੰ ਲਾਗੂ ਕਰਨਾ ਮੁਸ਼ਕਲ ਬਣਾਉਂਦੇ ਸਨ। ਦਬਾਅ ਬਣਾਉਣ ਵਾਲੀ ਇਸ਼ਤਿਹਾਰਬਾਜ਼ੀ ਅਤੇ ਮਨੋਵਿਗਿਆਨਕ ਤੌਰ 'ਤੇ ਹੇਰਾਫੇਰੀ ਵਾਲੇ ਡਿਜ਼ਾਈਨ ਫੀਚਰਜ਼ ਨੇ ਕਮਜ਼ੋਰ ਉਪਭੋਗਤਾਵਾਂ ਵਿੱਚ ਨਸ਼ਾ ਕਰਨ ਵਾਲੀਆਂ ਪ੍ਰਵਿਰਤੀਆਂ ਅਤੇ ਵਿੱਤੀ ਨੁਕਸਾਨ ਨੂੰ ਉਤਸ਼ਾਹਿਤ ਕੀਤਾ। ਵਿੱਤੀ ਪ੍ਰੇਸ਼ਾਨੀ ਦੀਆਂ ਰਿਪੋਰਟਾਂ, ਡਿਜ਼ੀਟਲ ਭੁਗਤਾਨ ਪ੍ਰਣਾਲੀਆਂ ਦੀ ਦੁਰਵਰਤੋਂ ਅਤੇ ਅਪਾਰਦਰਸ਼ੀ ਅੰਤਰਰਾਸ਼ਟਰੀ ਵਿੱਤੀ ਲੈਣ-ਦੇਣ ਦੀਆਂ ਰਿਪੋਰਟਾਂ ਨੇ ਧੋਖਾਧੜੀ, ਮਨੀ ਲਾਂਡਰਿੰਗ ਅਤੇ ਵਿੱਤੀ ਅਸਥਿਰਤਾ ਨਾਲ ਜੁੜੇ ਜੋਖਮਾਂ ਨੂੰ ਉਜਾਗਰ ਕੀਤਾ। ਇਨ੍ਹਾਂ ਹਾਲਤਾਂ ਨੇ ਇੱਕ ਅਜਿਹੇ ਰਾਸ਼ਟਰੀ ਢਾਂਚੇ ਦੀ ਜ਼ਰੂਰਤ ਨੂੰ ਰੇਖਾਂਕਿਤ ਕੀਤਾ ਜੋ ਵਿਅਕਤੀਆਂ-ਖਾਸ ਕਰਕੇ ਨੌਜਵਾਨਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਂਦੇ ਹੋਏ ਗੇਮਿੰਗ ਈਕੋਸਿਸਟਮ ਦੇ ਜਾਇਜ਼ ਹਿੱਸਿਆਂ ਨੂੰ ਜ਼ਿੰਮੇਵਾਰੀ ਨਾਲ ਵਿਕਸਿਤ ਹੋਣ ਵਿੱਚ ਸਮਰੱਥ ਬਣਾਉਂਦਾ ਹੈ। ਔਨਲਾਈਨ ਸੋਸ਼ਲ ਗੇਮਾਂ ਅਤੇ ਈ-ਸਪੋਰਟਸ ਵਜੋਂ ਜਾਣੇ ਜਾਂਦੇ ਸੰਗਠਿਤ ਪ੍ਰਤੀਯੋਗੀ ਫਾਰਮੈੱਟਾਂ ਵਰਗੇ ਵੈਧ ਗੇਮਿੰਗ ਖੇਤਰਾਂ ਦਾ ਸਮਰਥਨ ਕਰਨ ਲਈ ਇੱਕ ਏਕੀਕ੍ਰਿਤ ਸੰਸਥਾਗਤ ਢਾਂਚੇ ਦੀ ਅਣਹੋਂਦ ਵੀ ਓਨੀ ਹੀ ਮਹੱਤਵਪੂਰਨ ਸੀ। ਡਿਵੈਲਪਰਾਂ ਕੋਲ ਗੇਮ ਵਰਗੀਕਰਣ ਦੀ ਅਜਿਹੀ ਕੋਈ ਪ੍ਰਕਿਰਿਆ ਨਹੀਂ ਸੀ, ਜਿਸ ਦਾ ਪਹਿਲਾਂ ਤੋਂ ਹੀ ਪਤਾ ਲਗਾਇਆ ਜਾ ਸਕੇ ਅਤੇ ਉਪਭੋਗਤਾਵਾਂ ਨੂੰ ਅਕਸਰ ਵੈਧ ਮਨੋਰੰਜਨ ਅਤੇ ਗੈਰ-ਕਾਨੂੰਨੀ ਸੱਟੇਬਾਜ਼ੀ ਵਿਚਕਾਰ ਫਰਕ ਕਰਨ ਵਿੱਚ ਮੁਸ਼ਕਲ ਆਉਂਦੀ ਸੀ। ਸਿੱਟੇ ਵਜੋਂ, ਇਸ ਦਾ ਉਦੇਸ਼ ਸਿਰਫ਼ ਨੁਕਸਾਨਦੇਹ ਗਤੀਵਿਧੀਆਂ ਨੂੰ ਰੋਕਣਾ ਨਹੀਂ ਸੀ, ਸਗੋਂ ਇੱਕ ਸੰਤੁਲਿਤ ਢਾਂਚਾ ਵੀ ਸਥਾਪਿਤ ਕਰਨਾ ਸੀ, ਜੋ ਉਪਭੋਗਤਾਵਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਏ ਅਤੇ ਨਾਲ ਹੀ ਜ਼ਿੰਮੇਵਾਰ ਨਵੀਨਤਾ ਨੂੰ ਸਮਰੱਥ ਬਣਾਏ।

ਔਨਲਾਈਨ ਗੇਮਜ਼ ਪ੍ਰਮੋਸ਼ਨ ਐਂਡ ਰੈਗੂਲੇਸ਼ਨ ਐਕਟ, 2025 (PROGA), ਇਸੇ ਸੰਤੁਲਿਤ ਪਹੁੰਚ ਨੂੰ ਦਰਸਾਉਂਦਾ ਹੈ-ਜਿਸਨੂੰ ਡਿਵੈਲਪਰਾਂ, ਈ-ਸਪੋਰਟਸ ਸੰਗਠਨਾਂ, ਕਾਨੂੰਨੀ ਮਾਹਿਰਾਂ, ਤਕਨਾਲੋਜੀ ਪੇਸ਼ੇਵਰਾਂ ਅਤੇ ਸਮਾਜਿਕ ਸੰਗਠਨਾਂ ਸਮੇਤ ਹਿੱਸੇਦਾਰਾਂ ਨਾਲ ਵਿਆਪਕ ਸਲਾਹ-ਮਸ਼ਵਰੇ ਤੋਂ ਬਾਅਦ ਅੰਤਿਮ ਰੂਪ ਦਿੱਤਾ ਗਿਆ ਸੀ। ਪ੍ਰਾਪਤ ਫੀਡਬੈਕ ਨੇ ਲਗਾਤਾਰ ਪਾਰਦਰਸ਼ੀ ਵਰਗੀਕਰਣ, ਅਨੁਮਾਨਯੋਗ ਪਾਲਣਾ ਜ਼ਿੰਮੇਵਾਰੀਆਂ ਅਤੇ ਜਾਇਜ਼ ਗੇਮਿੰਗ ਫਾਰਮੈੱਟਾਂ ਲਈ ਸੁਚਾਰੂ ਅਤੇ ਸਰਲ ਮਾਨਤਾ ਪ੍ਰਕਿਰਿਆਵਾਂ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ। ਹਿੱਸੇਦਾਰਾਂ ਨੇ ਅਵੈਧ ਸੱਟੇਬਾਜ਼ੀ ਪਲੇਟਫਾਰਮਾਂ ਵਿਰੁੱਧ ਤਾਲਮੇਲ ਵਾਲੀ ਕਾਰਵਾਈ ਮਜ਼ਬੂਤ ਕਰਦੇ ਹੋਏ ਵੈਧ ਮਨੋਰੰਜਨ ਅਤੇ ਪ੍ਰਤੀਯੋਗੀ ਗੇਮਿੰਗ ਨੂੰ ਉਤਸ਼ਾਹਿਤ ਕਰਨ ਲਈ ਸਮਰਥਨ ਪ੍ਰਗਟ ਕੀਤਾ।

ਸੰਚਾਲਨ ਪੱਧਰ 'ਤੇ, ਇਹ ਢਾਂਚਾ ਤਿੰਨ ਆਪਸ ਵਿੱਚ ਜੁੜੇ ਪੜਾਵਾਂ 'ਤੇ ਅਧਾਰਿਤ ਇੱਕ ਢਾਂਚਾਗਤ ਕ੍ਰਮ ਪੇਸ਼ ਕਰਦਾ ਹੈ: ਮੁਲਾਂਕਣ, ਮਾਨਤਾ ਅਤੇ ਰਜਿਸਟਰੇਸ਼ਨ। ਇਹ ਪੜਾਅ ਕ੍ਰਮਵਾਰ ਕੰਮ ਕਰਦੇ ਹਨ ਅਤੇ ਇਨ੍ਹਾਂ ਨੂੰ PROGA ਅਤੇ ਇਸਦੇ ਨਾਲ ਜੁੜੇ ਨਿਯਮਾਂ ਅੰਦਰ ਪ੍ਰਦਾਨ ਕੀਤੀਆਂ ਗਈਆਂ ਕਾਨੂੰਨੀ ਪਰਿਭਾਸ਼ਾਵਾਂ ਦੇ ਨਾਲ ਜੋੜ ਕੇ ਵਿਆਖਿਆ ਕੀਤੀ ਜਾਣੀ ਚਾਹੀਦੀ ਹੈ।

ਮੁਲਾਂਕਣ ਇੱਕ ਰੈਗੂਲੇਟਰੀ ਗੇਟਵੇ ਵਜੋਂ ਕੰਮ ਕਰਦਾ ਹੈ, ਜਿਸ ਰਾਹੀਂ ਕਿਸੇ ਵੀ ਗੇਮ ਦੀ ਜਾਂਚ ਅਤੇ ਉਸ ਦਾ ਵਰਗੀਕਰਣ ਕੀਤਾ ਜਾਂਦਾ ਹੈ। ਇਹ ਪ੍ਰਕਿਰਿਆ ਹਰੇਕ ਔਨਲਾਈਨ ਗੇਮ ਲਈ ਲਾਜ਼ਮੀ ਨਹੀਂ ਹੈ; ਸਗੋਂ, ਇਹ ਸਿਰਫ਼ ਖਾਸ, ਸੀਮਤ ਹਾਲਤਾਂ ਵਿੱਚ ਹੀ ਜ਼ਰੂਰੀ ਹੈ। ਸਭ ਤੋਂ ਵੱਧ ਮਹੱਤਵਪੂਰਨ ਗੱਲ ਇਹ ਹੈ ਕਿ ਈ-ਸਪੋਰਟਸ ਦੀ ਮਾਨਤਾ ਤੋਂ ਪਹਿਲਾਂ ਇੱਕ ਲਾਜ਼ਮੀ ਸ਼ਰਤ ਹੁੰਦੀ ਹੈ, ਤਾਂ ਜੋ ਇਹ ਯਕੀਨੀ ਕੀਤਾ ਜਾ ਸਕੇ ਕਿ ਇਹ ਪ੍ਰਤੀਯੋਗੀ ਫਾਰਮੈੱਟ ਕਾਨੂੰਨੀ ਸੁਰੱਖਿਆ ਮਾਪਦੰਡਾਂ ਦੀ ਪਾਲਣਾ ਕਰਦੇ ਹਨ ਅਤੇ ਕਿਸੇ ਵੀ ਸੱਟੇਬਾਜ਼ੀ ਨਾਲ ਸਬੰਧਤ ਤੱਤਾਂ ਤੋਂ ਮੁਕਤ ਰਹਿੰਦੇ ਹਨ। ਇਸ ਤੋਂ ਇਲਾਵਾ ਧਾਰਨ ਆਮ ਤੌਰ 'ਤੇ ਉਨ੍ਹਾਂ ਸਥਿਤੀਆਂ ਵਿੱਚ ਜ਼ਰੂਰੀ ਹੁੰਦਾ ਹੈ ਜਦੋਂ ਕਿਸੇ ਗੇਮ ਦੇ ਔਨਲਾਈਨ ਮਨੀ ਗੇਮਿੰਗ ਦੀ ਪਰਿਭਾਸ਼ਾ ਦੇ ਦਾਇਰੇ ਵਿੱਚ ਆਉਣ ਦੀ ਸ਼ੰਕਾ ਹੋਵੇ, ਜਦੋਂ ਸ਼ਿਕਾਇਤਾਂ ਜਾਂ ਖੁਫੀਆ ਜਾਣਕਾਰੀਆਂ ਪਾਬੰਦੀਸ਼ੁਦਾ ਗਤੀਵਿਧੀਆਂ ਨੂੰ ਸੁਵਿਧਾਜਨਕ ਬਣਾਉਣ ਵਾਲੇ ਸੰਭਾਵੀ ਵਿੱਤੀ ਤੱਤਾਂ ਨੂੰ ਦਰਸਾਉਂਦੀਆਂ ਹਨ; ਜਾਂ ਜਿੱਥੇ ਭਾਰਤੀ ਔਨਲਾਈਨ ਗੇਮਿੰਗ ਅਥਾਰਿਟੀ (®719) ਜਨਤਕ ਹਿੱਤ ਵਿੱਚ ਜਾਂਚ ਦਾ ਨਿਰਦੇਸ਼ ਦਿੰਦੀ ਹੈ। ਸ਼ੁਰੂਆਤੀ ਵਰਗੀਕਰਣ ਨੂੰ ਸਮਰੱਥ ਬਣਾ ਕੇ ਗੈਰ-ਕਾਨੂੰਨੀ ਵਿੱਤੀ ਮਾਡਲਾਂ ਨੂੰ ਗੇਮਿੰਗ ਈਕੋਸਿਸਟਮ ਵਿੱਚ ਘੁਸਪੈਠ ਕਰਨ ਤੋਂ ਰੋਕਦਾ ਹੈ, ਜਦਕਿ ਜਾਇਜ਼ ਫਾਰਮੈੱਟਾਂ ਨੂੰ ਰੈਗੂਲੇਟਰੀ ਸਪੱਸ਼ਟਤਾ ਨਾਲ ਅੱਗੇ ਵਧਣ ਦੀ ਆਗਿਆ ਦਿੰਦਾ ਹੈ।

ਧਾਰਨ ਤੋਂ ਬਾਅਦ, ਯੋਗ ਫਾਰਮੈੱਟਾਂ ਨੂੰ ਮਾਨਤਾ ਦਿੱਤੀ ਜਾ ਸਕਦੀ ਹੈ। ਈ-ਸਪੋਰਟਸ ਦੀ ਮਾਨਤਾ ਰਾਸ਼ਟਰੀ ਖੇਡ ਪ੍ਰਸ਼ਾਸਨ ਐਕਟ, 2025 ਦੇ ਅਧੀਨ ਨਿਯੰਤ੍ਰਿਤ ਕੀਤੀ ਜਾਂਦੀ ਹੈ, ਜੋ ਕਿ ਸੰਗਠਿਤ ਮਲਟੀਪਲੇਅਰ ਗੇਮਪਲੇ, ਪਹਿਲਾਂ ਤੋਂ ਨਿਰਧਾਰਿਤ ਪ੍ਰਤੀਯੋਗੀ ਨਿਯਮਾਂ ਅਤੇ ਨਤੀਜਿਆਂ ਨੂੰ ਸਿਰਫ਼ ਮਾਨਸਿਕ ਹੁਨਰ, ਸਰੀਰਕ ਹੁਨਰ, ਜਾਂ ਰਣਨੀਤਕ ਫੈਸਲੇ ਲੈਣ ਵਰਗੇ ਕਾਰਕਾਂ 'ਤੇ ਅਧਾਰਤ ਹੋਣਾ ਲਾਜ਼ਮੀ ਹੈ। ਭਾਗੀਦਾਰੀ ਫੀਸਾਂ ਨੂੰ ਸਿਰਫ਼ ਮੁਕਾਬਲੇ ਨਾਲ ਸਬੰਧਤ ਪ੍ਰਸ਼ਾਸਕੀ ਖਰਚਿਆਂ ਅਤੇ ਪ੍ਰਦਰਸ਼ਨ-ਅਧਾਰਤ ਇਨਾਮ ਢਾਂਚੇ ਦਾ ਸਮਰਥਨ ਕਰਨ ਲਈ ਆਗਿਆ ਦਿੱਤੀ ਜਾ ਸਕਦੀ ਹੈ। ਹਾਲਾਂਕਿ, ਕਿਸੇ ਵੀ ਰੂਪ ਵਿੱਚ ਸੱਟੇਬਾਜ਼ੀ ਜਾਂ ਦਾਅ ਲਗਾਉਣਾ ਪੂਰੀ ਤਰ੍ਹਾਂ ਨਾਲ ਵਰਜਿਤ ਰਹਿੰਦਾ ਹੈ। ਮਾਨਤਾ ਤੋਂ ਪਹਿਲਾਂ ਲਾਜ਼ਮੀ ਧਾਰਨ ਪ੍ਰਕਿਰਿਆ ਇਹ ਯਕੀਨੀ ਬਣਾਉਂਦੀ ਹੈ ਕਿ ਮਾਨਤਾ ਪ੍ਰਾਪਤ ਈ-ਸਪੋਰਟਸ ਫਾਰਮੈੱਟ ਸਾਰੇ ਕਾਨੂੰਨੀ ਸੁਰੱਖਿਆ ਮਾਪਦੰਡਾਂ ਦੀ ਪਾਲਣਾ ਕਰਦੇ ਹਨ।

ਇਸ ਦੇ ਸਮਾਂਤਰ ਵਿੱਚ, ਇਹ ਢਾਂਚਾ ਔਨਲਾਈਨ ਸੋਸ਼ਲ ਗੇਮਸ ਦੀ ਰਜਿਸਟਰੇਸ਼ਨ ਲਈ ਇੱਕ ਮਾਰਗ ਸਥਾਪਿਤ ਕਰਦਾ ਹੈ—ਜੋ ਵਿੱਤੀ ਸੱਟੇਬਾਜ਼ੀ ਦੇ ਲਈ ਨਹੀਂ, ਸਗੋਂ ਮੁੱਖ ਤੌਰ 'ਤੇ ਮਨੋਰੰਜਨ ਅਤੇ ਸਮਾਜਿਕ ਸ਼ਮੂਲੀਅਤ ਦੇ ਉਦੇਸ਼ ਨਾਲ ਬਣਾਏ ਗਏ ਹੁੰਦੇ ਹਨ। ਔਨਲਾਈਨ ਸੋਸ਼ਲ ਗੇਮਸ ਦੀਆਂ ਸਿਰਫ ਉਨ੍ਹਾਂ ਸ਼੍ਰੇਣੀਆਂ ਦੀ ਹੀ ਰਜਿਸਟਰੇਸ਼ਨ ਕਰਨ ਦੀ ਲੋੜ ਹੋਵੇਗੀ, ਜਿਨ੍ਹਾਂ ਨੂੰ ਸਰਕਾਰ ਦੁਆਰਾ ਵਿਸ਼ੇਸ਼ ਤੌਰ 'ਤੇ ਸੂਚਿਤ ਕੀਤਾ ਗਿਆ ਹੈ। ਜਿੱਥੇ ਵਰਗੀਕਰਣ ਸਬੰਧੀ ਨਿਸ਼ਚਿਤਤਾ ਹੋਣਾ ਜ਼ਰੂਰੀ ਹੈ, ਉੱਥੇ ਰਜਿਸਟਰੇਸ਼ਨ ਤੋਂ ਪਹਿਲਾਂ ਧਾਰਨ ਕੀਤੀ ਜਾ ਸਕਦੀ ਹੈ, ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਉਨ੍ਹਾਂ ਵਿੱਚ ਸੱਟੇਬਾਜ਼ੀ ਦੇ ਤੱਤ ਮੌਜੂਦ ਨਹੀਂ ਹਨ।

ਇਸ ਕ੍ਰਮ ਵਿੱਚ ਅੰਤਿਮ ਪੜਾਅ ਰਜਿਸਟਰੇਸ਼ਨ ਹੈ, ਜੋ ਰੈਗੂਲੇਟਰੀ ਦਿੱਖ ਪ੍ਰਦਾਨ ਕਰਦਾ ਹੈ ਅਤੇ ਸੰਤੁਲਿਤ ਨਿਗਰਾਨੀ ਦੇ ਨਾਲ-ਨਾਲ ਲਾਗੂ ਕਰਨ ਯੋਗ ਜਵਾਬਦੇਹੀ ਨੂੰ ਯਕੀਨੀ ਬਣਾਉਂਦਾ ਹੈ। ਰਜਿਸਟਰੇਸ਼ਨ ਆਮ ਤੌਰ 'ਤੇ ਈ-ਸਪੋਰਟਸ ਦੀ ਮਾਨਤਾ ਤੋਂ ਬਾਅਦ ਹੁੰਦੀ ਹੈ ਜਾਂ ਫਿਰ ਔਨਲਾਈਨ ਸੋਸ਼ਲ ਗੇਮਸ ਦੀਆਂ ਸੂਚਿਤ ਸ਼੍ਰੇਣੀਆਂ 'ਤੇ ਲਾਗੂ ਹੁੰਦੀ ਹੈ। ਇਹ ਉਹਨਾਂ ਮਾਮਲਿਆਂ ਵਿੱਚ ਵੀ ਲਾਜ਼ਮੀ ਹੋ ਸਕਦੀ ਹੈ ਜਿੱਥੇ ਮੁਲਾਂਕਣ ਨਤੀਜੇ ਰਸਮੀ ਨਿਗਰਾਨੀ ਦੀ ਜ਼ਰੂਰਤ ਨੂੰ ਦਰਸਾਉਂਦੇ ਹਨ, ਜਾਂ ਜਿੱਥੇ ®719 ਜਨਤਕ ਹਿਤ ਵਿੱਚ ਅਜਿਹੀ ਨਿਗਰਾਨੀ ਨੂੰ ਜ਼ਰੂਰੀ ਸਮਝਦਾ ਹੈ। ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਰਜਿਸਟਰੇਸ਼ਨ ਪੂਰੇ ਪਲੇਟਫਾਰਮ 'ਤੇ ਨਹੀਂ, ਸਗੋਂ ਹਰੇਕ ਔਨਲਾਈਨ ਗੇਮ ਸਰਵਿਸ ਪ੍ਰੋਵਾਈਡਰ ਦੇ ਵੱਖ-ਵੱਖ ਖੇਡਾਂ 'ਤੇ ਲਾਗੂ ਹੁੰਦਾ ਹੈ, ਜਿਸ ਨਾਲ ਪਾਲਣਾ ਅਨੁਪਾਤਕ ਬਣਿਆ ਰਹਿੰਦਾ ਹੈ ਅਤੇ ਨਾਲ ਹੀ ਅਧਿਕਾਰੀਆਂ ਨੂੰ ਅਧਿਕਾਰਤ ਗੇਮਸ ਦਾ ਇੱਕ ਭਰੋਸੇਯੋਗ ਰਿਕਾਰਡ ਨੂੰ ਬਣਾਈ ਰੱਖਣ ਵਿੱਚ ਸਹਾਇਤਾ ਕੀਤੀ ਜਾਂਦੀ ਹੈ।

ਇਹ ਮੌਜੂਦਾ ਢਾਂਚਾ ਪ੍ਰਤੀਕਿਰਿਆਸ਼ੀਲ ਲਾਗੂਕਰਨ ਤੋਂ ਅੱਗੇ ਵਧ ਕੇ ਕਿਰਿਆਸ਼ੀਲ ਅਤੇ ਰੋਕਥਾਮ ਵਾਲੇ ਸ਼ਾਸਨ ਵਿੱਚ ਤਬਦੀਲੀ ਨੂੰ ਦਰਸਾਉਂਦਾ ਹੈ। ਅਨੁਕੂਲ ਵਰਗੀਕਰਣ ਇੱਕ ਸ਼ੁਰੂਆਤੀ ਫਿਲਟਰ ਵਜੋਂ ਕੰਮ ਕਰਦਾ ਹੈ, ਮਾਨਤਾ ਜਾਇਜ਼ਤਾ ਦੇ ਸਬੰਧ ਵਿੱਚ ਇੱਕ ਸਪੱਸ਼ਟ ਅੰਤਰ ਸਥਾਪਿਤ ਕਰਦੀ ਹੈ ਅਤੇ ਰਜਿਸਟਰੇਸ਼ਨ ਪ੍ਰਭਾਵਸ਼ਾਲੀ ਨਿਗਰਾਨੀ ਅਤੇ ਲਾਗੂ ਕਰਨ ਯੋਗ ਜਵਾਬਦੇਹੀ ਨੂੰ ਯਕੀਨੀ ਬਣਾਉਂਦੀ ਹੈ ਜਦਕਿ ਰੈਗੂਲੇਟਰੀ ਦ੍ਰਿਸ਼ਟੀ ਪ੍ਰਦਾਨ ਕਰਦੀ ਹੈ। ਇਸ ਦੇ ਨਾਲ ਹੀ, ਗੈਰ-ਕਾਨੂੰਨੀ ਔਨਲਾਈਨ ਮਨੀ ਗੇਮਿੰਗ ਦੇ ਵਿਰੁੱਧ ਲਾਗੂਕਰਨ ਨੂੰ - ਖਾਸ ਤੌਰ 'ਤੇ ਵਿਦੇਸ਼ੀ ਆਪਰੇਟਰਾਂ ਨੂੰ ਨਿਸ਼ਾਨਾ ਬਣਾਉਂਦੇ ਹੋਏ ਤਾਲਮੇਲ ਵਾਲੇ ਬਲੌਕਿੰਗ, ਜਾਂਚ-ਅਧਾਰਿਤ ਓਜੀਏਆਈ ਦੀਆਂ ਕਾਰਵਾਈਆਂ ਅਤੇ ਵਿੱਤੀ ਵਿਘਨ ਦੇ ਉਪਾਵਾਂ ਦੁਆਰਾ ਮਜ਼ਬੂਤ ਕੀਤਾ ਗਿਆ ਹੈ। ਇਹ ਦੋ-ਪੱਧਰੀ ਪਹੁੰਚ ਫਰੇਮ ਵਰਕ ਦੀ ਮੂਲ ਵਿਚਾਰਧਾਰਾ: ਜਾਇਜ਼ ਸੰਸਥਾਵਾਂ ਲਈ ਹਲਕੇ-ਟਚ ਨਿਯਮ ਅਤੇ ਗੈਰ-ਕਾਨੂੰਨੀ ਆਪਰੇਟਰਾਂ ਦੇ ਵਿਰੁੱਧ ਸਖ਼ਤ ਲਾਗੂਕਰਨ ਨੂੰ ਦਰਸਾਉਂਦੀ ਹੈ।

ਲਾਗੂ ਕਰਨ ਤੋਂ ਇਲਾਵਾ, ਇਹ ਢਾਂਚਾ ਇੱਕ ਜ਼ਿੰਮੇਵਾਰ ਈਕੋਸਿਸਟਮ ਦੇ ਵਿਕਾਸ ਲਈ ਅਨੁਕੂਲ ਸਥਿਤੀਆਂ ਤਿਆਰ ਕਰਦਾ ਹੈ। ਸਪੱਸ਼ਟ ਰੈਗੂਲੇਟਰੀ ਮਾਰਗ ਜਾਇਜ਼ ਗੇਮਿੰਗ ਦੇ ਵਿਕਾਸ, ਪ੍ਰਤੀਯੋਗੀ ਬੁਨਿਆਦੀ ਢਾਂਚੇ ਵਿੱਚ ਨਿਵੇਸ਼ ਅਤੇ ਸਹਾਇਕ ਡਿਜੀਟਲ ਸੇਵਾਵਾਂ ਦੇ ਵਿਕਾਸ ਨੂੰ ਉਤਸ਼ਾਹਿਤ ਕਰਦੇ ਹਨ। ਈ-ਸਪੋਰਟਸ ਦੀ ਮਾਨਤਾ ਸੰਗਠਿਤ ਮੁਕਾਬਲਿਆਂ ਅਤੇ ਪੇਸ਼ੇਵਰ ਭਾਗੀਦਾਰੀ ਨੂੰ ਸਮਰੱਥ ਬਣਾਉਂਦੀ ਹੈ, ਜਦਕਿ ਨਿਯੰਤ੍ਰਿਤ ਸ਼੍ਰੇਣੀਆਂ ਵਿਕਾਸ, ਪਾਲਣਾ, ਸਾਈਬਰ ਸੁਰੱਖਿਆ ਅਤੇ ਈਵੈਂਟ ਪ੍ਰਬੰਧਨ ਵਰਗੇ ਖੇਤਰਾਂ ਵਿੱਚ ਨਵੇਂ ਮੌਕਿਆਂ ਦੀ ਸਹੂਲਤ ਦਿੰਦੀਆਂ ਹਨ।

PROGA ਦੁਆਰਾ ਸ਼ੁਰੂ ਕੀਤਾ ਗਿਆ, ਇਹ ਪਰਿਵਰਤਨ ਖੰਡਿਤ ਪ੍ਰਤੀਕਿਰਿਆਵਾਂ ਤੋਂ ਅੱਗੇ ਵਧ ਕੇ ਅਨੁਮਾਨਯੋਗ ਸ਼ਾਸਨ ਵੱਲ ਇੱਕ ਤਬਦੀਲੀ ਨੂੰ ਦਰਸਾਉਂਦਾ ਹੈ। ਰੋਕਥਾਮ ਵਰਗੀਕਰਣ, ਜਾਇਜ਼ ਮਾਨਤਾ ਅਤੇ ਜਵਾਬਦੇਹ ਰਜਿਸਟਰੇਸ਼ਨ ਨੂੰ ਏਕੀਕ੍ਰਿਤ ਕਰਕੇ, ਇਹ ਢਾਂਚਾ ਇੱਕ ਸਥਿਰ ਵਾਤਾਵਰਣ ਬਣਾਉਂਦਾ ਹੈ ਜਿੱਥੇ ਨਵੀਨਤਾ ਜਨਤਕ ਹਿੱਤਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਂਦੇ ਹੋਏ, ਜ਼ਿੰਮੇਵਾਰੀ ਨਾਲ ਵਿਕਸਿਤ ਹੋ ਸਕਦਾ ਹੈ।



ਵਿੰਕਲਜੀਤ ਸਿੰਘ ਸਰਾ
9501477889

# ਅਮਰੀਕਾ-ਈਰਾਨ ਟਕਰਾਅ ਅਤੇ ਸਟਰੇਟ ਆਫ ਹੋਰਮੁਜ਼ ਦਾ ਮਹਾਂ-ਸੰਕਟ

## ਵਿਸ਼ਵ ਆਰਥਿਕਤਾ, ਮਨੁੱਖੀ ਤ੍ਰਾਸਦੀ ਅਤੇ ਭੂ-ਰਾਜਨੀਤਿਕ ਵਿਸ਼ਲੇਸ਼ਣ

**21ਵੀਂ ਸਦੀ ਦਾ ਸਭ ਤੋਂ ਗੰਭੀਰ ਸਮੁੰਦਰੀ ਸੰਕਟ** : ਸਾਲ 2026 ਦੇ ਅਪ੍ਰੈਲ ਮਹੀਨੇ ਨੇ ਵਿਸ਼ਵ ਇਤਿਹਾਸ ਵਿੱਚ ਇੱਕ ਅਜਿਹਾ ਕਾਲਾ ਅਧਿਆਇ ਲਿਖ ਦਿੱਤਾ ਹੈ, ਜਿਸ ਦੀ ਗੂੰਜ ਆਉਣ ਵਾਲੇ ਦਹਾਕਿਆਂ ਤੱਕ ਸੁਣੀ ਜਾਵੇਗੀ। ਅਮਰੀਕਾ ਅਤੇ ਈਰਾਨ ਵਿਚਕਾਰ ਵਧਦੇ ਸੈਨਿਕ ਤਣਾਅ ਨੇ ਜਦੋਂ 'ਸਟਰੇਟ ਆਫ ਹੋਰਮੁਜ਼' (Hormuz Strait) ਨੂੰ ਆਪਣੇ ਘੇਰੇ ਵਿੱਚ ਲਿਆ, ਤਾਂ ਇਹ ਸਿਰਫ਼ ਦੋ ਦੇਸ਼ਾਂ ਦੀ ਜੰਗ ਨਹੀਂ ਰਹੀ, ਸਗੋਂ ਇੱਕ ਵਿਸ਼ਵਵਿਆਪੀ ਮਾਨਵੀ ਅਤੇ ਆਰਥਿਕ ਆਫ਼ਤ ਬਣ ਗਈ। ਦੁਬਈ ਤੋਂ ਆਈਆਂ ਤਾਜ਼ਾ ਰਿਪੋਰਟਾਂ ਅਤੇ ਅੰਤਰਰਾਸ਼ਟਰੀ ਮੀਡੀਆ ਦੇ ਅੰਕੜਿਆਂ ਨੇ ਦੁਨੀਆ ਨੂੰ ਹਿਲਾ ਕੇ ਰੱਖ ਦਿੱਤਾ ਹੈ। ਸਟਰੇਟ ਆਫ ਹੋਰਮੁਜ਼, ਜੋ ਕਦੇ ਦੁਨੀਆ ਦੇ ਵਪਾਰਕ ਜਹਾਜ਼ਾਂ ਨਾਲ ਗੁਲਜ਼ਾਰ ਰਹਿੰਦਾ ਸੀ, ਅੱਜ ਇੱਕ ਅਜਿਹਾ 'ਡੈੱਡ ਜ਼ੋਨ' ਬਣ ਚੁੱਕਾ ਹੈ ਜਿੱਥੇ ਹਜ਼ਾਰਾਂ ਜ਼ਿੰਦਗੀਆਂ ਮੌਤ ਅਤੇ ਜ਼ਿੰਦਗੀ ਦੀ ਲੜਾਈ ਲੜ ਰਹੀਆਂ ਹਨ। ਇਸ ਲੇਖ ਵਿੱਚ ਅਸੀਂ ਨਾ ਸਿਰਫ਼ ਇਸ ਟਕਰਾਅ ਦੇ ਸਿਆਸੀ ਕਾਰਨਾਂ ਦੀ ਪੜਚੋਲ ਕਰਾਂਗੇ, ਸਗੋਂ ਉਨ੍ਹਾਂ 20,000 ਮਲਾਹਾਂ ਦੀ ਦਰਦਨਾਕ ਸਥਿਤੀ ਅਤੇ ਵਿਸ਼ਵ ਅਰਥਵਿਵਸਥਾ 'ਤੇ ਪੈ ਰਹੇ ਅਸਰਾਂ ਦਾ ਵਿਸਤ੍ਰਿਤ ਵੇਰਵਾ ਵੀ ਦੇਵਾਂਗੇ।

**ਸਟਰੇਟ ਆਫ ਹੋਰਮੁਜ਼ ਦੀ ਨਾਕਾਬੰਦੀ; ਵਪਾਰਕ ਅੰਕੜੇ ਅਤੇ ਜ਼ਮੀਨੀ ਹਕੀਕਤ** : ਸਟਰੇਟ ਆਫ ਹੋਰਮੁਜ਼ ਦੀ ਅਹਿਮੀਅਤ ਨੂੰ ਸਮਝਣ ਲਈ ਇਸ ਦੇ ਵਪਾਰਕ ਅੰਕੜਿਆਂ 'ਤੇ ਨਜ਼ਰ ਮਾਰਨੀ ਲਾਜ਼ਮੀ ਹੈ। ਜੰਗ ਸ਼ੁਰੂ ਹੋਣ ਤੋਂ ਪਹਿਲਾਂ, ਇਸ ਤੰਗ ਸਮੁੰਦਰੀ ਰਸਤੇ ਰਾਹੀਂ ਰੋਜ਼ਾਨਾ 130 ਤੋਂ ਵੱਧ ਜਹਾਜ਼ ਗੁਜ਼ਰਦੇ ਸਨ। ਪਰ ਅਪ੍ਰੈਲ 2026 ਦੇ ਅਖੀਰ ਤੱਕ ਇਹ ਗਿਣਤੀ ਘਟ ਕੇ ਸਿਰਫ਼ 80 ਰਹਿ ਗਈ ਹੈ। ਇਹ ਕੋਈ ਮਾਮੂਲੀ ਗਿਰਾਵਟ ਨਹੀਂ ਹੈ; ਇਹ ਵਿਸ਼ਵ ਦੀ ਊਰਜਾ ਸਪਲਾਈ ਵਿੱਚ ਲਗਭਗ 40% ਦੀ ਕਮੀ ਨੂੰ ਦਰਸਾਉਂਦੀ ਹੈ। 'ਲੌਇਡਜ਼ ਲਿਸਟ ਇੰਟੈਲੀਜੈਂਸ' ਦੇ ਅਨੁਸਾਰ, ਦੁਨੀਆ ਦੇ ਕੁੱਲ ਤੇਲ ਅਤੇ ਤਰਲ ਕੁਦਰਤੀ ਗੈਸ (LNG) ਦਾ ਲਗਭਗ ਪੰਜਵਾਂ ਹਿੱਸਾ (20%) ਇਸੇ ਰਸਤੇ ਰਾਹੀਂ ਲੰਘਦਾ ਹੈ।

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੁਆਰਾ ਜੰਗਬੰਦੀ ਨੂੰ ਅਨਿਸ਼ਚਿਤ ਸਮੇਂ ਲਈ ਵਧਾਉਣ ਅਤੇ ਇਰਾਨੀ ਬੰਦਰਗਾਹਾਂ 'ਤੇ ਸਖ਼ਤ ਨਾਕਾਬੰਦੀ ਜਾਰੀ ਰੱਖਣ ਦੇ ਫੈਸਲੇ ਨੇ ਬਲਦੀ 'ਤੇ ਤੇਲ ਪਾਉਣ ਦਾ ਕੰਮ ਕੀਤਾ ਹੈ। ਇਸ ਨਾਕਾਬੰਦੀ ਕਾਰਨ ਸੈਂਕੜੇ ਜਹਾਜ਼, ਜਿਨ੍ਹਾਂ ਵਿੱਚ ਵਿਸ਼ਾਲ ਤੇਲ ਟੈਂਕਰ ਅਤੇ ਗੈਸ ਵਾਹਕ ਸ਼ਾਮਲ ਹਨ, ਸਮੁੰਦਰ ਦੇ ਵਿਚਕਾਰ ਫਸ ਗਏ ਹਨ। ਈਰਾਨ ਨੇ ਆਪਣੀ ਸੁਰੱਖਿਆ ਦਾ ਹਵਾਲਾ ਦਿੰਦੇ ਹੋਏ ਇਸ ਰਸਤੇ 'ਤੇ ਜੋ ਨਿਯੰਤਰਣ ਕੀਤਾ ਹੈ, ਉਸ ਨੇ ਕੌਮਾਂਤਰੀ ਜਹਾਜ਼ਰਾਨੀ ਕਾਨੂੰਨਾਂ ਨੂੰ ਪੂਰੀ ਤਰ੍ਹਾਂ ਅਪ੍ਰਸੰਗਿਕ ਬਣਾ ਦਿੱਤਾ ਹੈ।

**20,000 ਮਲਾਹਾਂ ਦਾ ਮਾਨਵੀ ਸੰਕਟ; ਜਹਾਜ਼ਾਂ 'ਤੇ ਬਣੀ 'ਸਮੁੰਦਰੀ ਜੇਲ੍ਹ'** : ਇਸ ਪੂਰੇ ਟਕਰਾਅ ਦਾ ਸਭ ਤੋਂ ਭਿਆਨਕ ਅਤੇ ਦਿਲ ਕੰਬਾਊ ਪਹਿਲੂ ਉਹ ਮਨੁੱਖੀ ਕੀਮਤ ਹੈ ਜੋ ਸਮੁੰਦਰੀ ਕਰਮਚਾਰੀ ਚੁਕਾ ਰਹੇ ਹਨ। ਅੰਕੜਿਆਂ ਮੁਤਾਬਕ ਲਗਭਗ 20,000 ਮਲਾਹ ਖਾੜੀ ਦੇ ਪਾਣੀਆਂ ਵਿੱਚ ਫਸੇ ਹੋਏ ਹਨ। ਇਹ ਮਲਾਹ ਸਿਰਫ਼ ਕਰਮਚਾਰੀ ਨਹੀਂ ਹਨ, ਸਗੋਂ ਹਜ਼ਾਰਾਂ ਪਰਿਵਾਰਾਂ ਦੇ ਰੋਜ਼ੀ-ਰੋਟੀ ਕਮਾਉਣ ਵਾਲੇ ਮੈਂਬਰ ਹਨ। ਸੈਂਕੜੇ ਜਹਾਜ਼ਾਂ 'ਤੇ ਸਵਾਰ ਇਹ ਲੋਕ ਪਿਛਲੇ ਕਈ ਹਫ਼ਤਿਆਂ ਤੋਂ ਨਾ ਤਾਂ ਅੱਗੇ ਵਧ ਸਕੇ ਹਨ ਅਤੇ ਨਾ ਹੀ ਉਨ੍ਹਾਂ ਨੂੰ ਵਾਪਸ ਮੁੜਨ ਦੀ ਇਜਾਜ਼ਤ ਮਿਲੀ ਹੈ।

ਸੰਯੁਕਤ ਰਾਸ਼ਟਰ ਦੀਆਂ ਰਿਪੋਰਟਾਂ ਅਨੁਸਾਰ, ਜੰਗ ਸ਼ੁਰੂ ਹੋਣ ਤੋਂ ਬਾਅਦ ਦਰਜਨਾਂ ਜਹਾਜ਼ਾਂ 'ਤੇ ਸਿੱਧੇ ਹਮਲੇ ਹੋਏ ਹਨ। ਇਨ੍ਹਾਂ ਹਮਲਿਆਂ ਅਤੇ ਖ਼ਰਾਬ ਹਾਲਾਤਾਂ ਕਾਰਨ ਹੁਣ ਤੱਕ ਘੱਟੋ-ਘੱਟ 10 ਮਲਾਹਾਂ ਦੀ ਮੌਤ ਹੋ ਚੁੱਕੀ ਹੈ। ਇਹ ਮੌਤਾਂ ਸਿਰਫ਼ ਸੈਨਿਕ ਕਾਰਵਾਈ ਦਾ ਨਤੀਜਾ ਨਹੀਂ ਹਨ, ਸਗੋਂ ਜਹਾਜ਼ਾਂ 'ਤੇ ਵਧ ਰਹੀ ਮਾਨਸਿਕ ਬਿਮਾਰੀ, ਦਿਲ ਦੇ ਦੌਰੇ ਅਤੇ ਡਾਕਟਰੀ ਸਹਾਇਤਾ ਦੀ ਘਾਟ ਕਾਰਨ ਵੀ ਹੋ ਰਹੀਆਂ ਹਨ। ਜਹਾਜ਼ਾਂ 'ਤੇ ਤਾਜ਼ਾ ਭੋਜਨ ਖਤਮ ਹੋ ਰਿਹਾ ਹੈ ਅਤੇ ਪੀਣ ਵਾਲੇ ਪਾਣੀ ਦੀ ਰਾਸ਼ਨਿੰਗ ਕੀਤੀ ਜਾ ਰਹੀ ਹੈ। ਸਮੁੰਦਰ ਦੀ ਤੇਜ਼ ਗਰਮੀ ਅਤੇ ਦੁਸ਼ਮਣ ਦੇ ਡਰੋਨਾਂ ਦੀ ਲਗਾਤਾਰ ਨਿਗਰਾਨੀ ਹੇਠ ਜੀਣਾ ਇਨ੍ਹਾਂ ਮਲਾਹਾਂ ਲਈ ਇੱਕ ਜਿਊਂਦੇ ਨਰਕ ਵਾਂਗ ਹੈ।

**ਵਿਸ਼ਵ ਊਰਜਾ ਸੁਰੱਖਿਆ 'ਤੇ ਪ੍ਰਭਾਵ; ਤੇਲ ਦੀ ਸਪਲਾਈ ਚੇਨ ਦਾ ਟੁੱਟਣਾ** : ਸਟਰੇਟ ਆਫ ਹੋਰਮੁਜ਼ ਦੀ ਨਾਕਾਬੰਦੀ ਦਾ ਮਤਲਬ ਹੈ ਵਿਸ਼ਵ ਦੀ ਊਰਜਾ ਮਸ਼ੀਨਰੀ ਦਾ ਰੁਕ ਜਾਣਾ। ਜਦੋਂ ਤੇਲ ਦੇ ਟੈਂਕਰ ਖਾੜੀ ਵਿੱਚ ਫਸ ਜਾਂਦੇ ਹਨ, ਤਾਂ ਇਸ ਦਾ ਸਿੱਧਾ ਅਸਰ ਨਿਊਯਾਰਕ ਤੋਂ ਲੈ ਕੇ ਨਵੀਂ ਦਿੱਲੀ ਤੱਕ ਦੀਆਂ ਸਟਾਕ ਮਾਰਕੀਟਾਂ 'ਤੇ ਪੈਂਦਾ ਹੈ। ਤੇਲ ਦੀਆਂ ਕੀਮਤਾਂ ਵਿੱਚ ਰਿਕਾਰਡ ਤੋੜ ਵਾਧਾ ਹੋਇਆ ਹੈ। ਏਸ਼ੀਆਈ ਅਰਥਚਾਰੇ, ਜੋ ਕਿ ਮੁੱਖ ਤੌਰ 'ਤੇ ਇਸ ਮਾਰਗ 'ਤੇ ਨਿਰਭਰ ਹਨ, ਇੱਕ ਵੱਡੀ ਮੰਦੀ ਦੇ ਕੰਢੇ 'ਤੇ ਖੜ੍ਹੇ ਹਨ।

ਜਹਾਜ਼ਰਾਨੀ ਕੰਪਨੀਆਂ ਹੁਣ 'ਕੇਪ ਆਫ ਗੁੱਡ ਹੋਪ' (ਅਫਰੀਕਾ ਦੇ ਦੁਆਲੇ) ਰਾਹੀਂ ਲੰਬੇ ਰਸਤੇ ਅਪਣਾਉਣ ਲਈ ਮਜਬੂਰ ਹਨ, ਜਿਸ ਨਾਲ ਨਾ ਸਿਰਫ਼ ਸਮਾਂ ਵਧਦਾ ਹੈ, ਸਗੋਂ ਮਾਲ ਢੋਆ-ਢੁਆਈ ਦੀ ਲਾਗਤ ਵਿੱਚ 300% ਤੱਕ ਦਾ ਵਾਧਾ ਹੋ ਰਿਹਾ ਹੈ। ਇਹ ਵਾਧਾ ਅੰਤ ਵਿੱਚ ਆਮ ਉਪਭੋਗਤਾ ਦੀ ਜੇਬ 'ਤੇ ਭਾਰ ਪਾ ਰਿਹਾ ਹੈ। ਖਾਦਾਂ, ਕੱਚਾ ਮਾਲ ਅਤੇ ਜ਼ਰੂਰੀ ਵਸਤਾਂ ਦੀ ਸਪਲਾਈ ਰੁਕਣ ਕਾਰਨ ਦੁਨੀਆ ਭਰ ਵਿੱਚ ਮਹਿੰਗਾਈ ਨੇ ਪਿਛਲੇ ਸਾਰੇ ਰਿਕਾਰਡ ਤੋੜ ਦਿੱਤੇ ਹਨ।

**ਅਮਰੀਕਾ ਦੀ ਰਣਨੀਤੀ ਅਤੇ ਈਰਾਨ ਦਾ ਜਵਾਬੀ ਹਮਲਾ** : ਅਮਰੀਕੀ ਪ੍ਰਸ਼ਾਸਨ ਦਾ ਰਵੱਈਆ ਇਸ ਸੰਕਟ ਵਿੱਚ ਬਹੁਤ ਹੀ ਕਠੋਰ ਰਿਹਾ ਹੈ। ਰਾਸ਼ਟਰਪਤੀ ਟਰੰਪ ਦੀ "Maximum Pressure" ਨੀਤੀ ਨੇ ਈਰਾਨ ਨੂੰ ਕੰਧ ਨਾਲ ਲਾ ਦਿੱਤਾ ਹੈ। ਈਰਾਨੀ ਬੰਦਰਗਾਹਾਂ ਦੀ ਨਾਕਾਬੰਦੀ ਦਾ ਮਕਸਦ ਈਰਾਨ ਦੇ ਅਰਥਚਾਰੇ ਨੂੰ ਪੂਰੀ ਤਰ੍ਹਾਂ ਢਾਹ ਲਾਉਣਾ ਹੈ ਤਾਂ ਜੋ ਉਹ ਆਪਣੀਆਂ ਪ੍ਰਮਾਣੂ ਗਤੀਵਿਧੀਆਂ ਬੰਦ ਕਰ ਦੇਵੇ। ਪਰ ਈਰਾਨ ਨੇ ਵੀ ਸਪੱਸ਼ਟ ਕਰ ਦਿੱਤਾ ਹੈ ਕਿ ਜੇਕਰ ਉਹ ਤੇਲ ਨਹੀਂ ਵੇਚ ਸਕੇਗਾ, ਤਾਂ ਉਹ ਕਿਸੇ ਹੋਰ ਨੂੰ ਵੀ ਇਸ ਰਸਤੇ ਰਾਹੀਂ ਤੇਲ ਨਹੀਂ ਲਿਜਾਣ ਦੇਵੇਗਾ।

ਈਰਾਨੀ ਫੌਜ ਨੇ ਸਟਰੇਟ ਵਿੱਚ 'ਅਸਿਮੈਟ੍ਰਿਕ ਵਾਰਫੇਅਰ' (Asymmetric Warfare) ਦੀ ਵਰਤੋਂ ਕੀਤੀ ਹੈ, ਜਿਸ ਵਿੱਚ ਛੋਟੀਆਂ ਕਿਸ਼ਤੀਆਂ, ਸਮੁੰਦਰੀ ਮਾਈਨਾਂ ਅਤੇ ਆਤਮਘਾਤੀ ਡਰੋਨ ਸ਼ਾਮਲ ਹਨ। ਅਮਰੀਕਾ ਦੇ ਅਤਿ-ਆਧੁਨਿਕ ਜੰਗੀ ਜਹਾਜ਼ ਵੀ ਇਨ੍ਹਾਂ ਛੋਟੀਆਂ ਪਰ ਘਾਤਕ ਚੁਣੌਤੀਆਂ ਦਾ ਸਾਹਮਣਾ ਕਰਨ ਵਿੱਚ ਮੁਸ਼ਕਲ ਮਹਿਸੂਸ ਕਰ ਰਹੇ ਹਨ। ਇਸ ਸੈਨਿਕ ਖਿੱਚੋਤਾਣ ਨੇ ਸਟਰੇਟ ਆਫ ਹੋਰਮੁਜ਼ ਨੂੰ ਦੁਨੀਆ ਦਾ ਸਭ ਤੋਂ ਖ਼ਤਰਨਾਕ ਜਲ-ਖੇਤਰ ਬਣਾ ਦਿੱਤਾ ਹੈ।

**ਅੰਤਰਰਾਸ਼ਟਰੀ ਪ੍ਰਤੀਕਿਰਿਆ ਅਤੇ ਕੂਟਨੀਤਕ ਅਸਫਲਤਾ** : ਸੰਯੁਕਤ ਰਾਸ਼ਟਰ ਅਤੇ ਹੋਰ ਗਲੋਬਲ ਸੰਸਥਾਵਾਂ ਇਸ ਮਾਮਲੇ ਵਿੱਚ ਬੇਵੱਸ ਨਜ਼ਰ ਆ ਰਹੀਆਂ ਹਨ। ਹਾਲਾਂਕਿ ਮਾਨਵੀ ਸਹਾਇਤਾ ਲਈ ਅਪੀਲਾਂ ਕੀਤੀਆਂ ਜਾ ਰਹੀਆਂ ਹਨ, ਪਰ ਜੰਗੀ ਮਾਹੌਲ ਕਾਰਨ ਕੋਈ ਵੀ ਸਹਾਇਤਾ ਜਹਾਜ਼ ਫਸੇ ਹੋਏ ਮਲਾਹਾਂ ਤੱਕ ਨਹੀਂ ਪਹੁੰਚ ਪਾ ਰਿਹਾ। ਰੂਸ ਅਤੇ ਚੀਨ ਨੇ ਅਮਰੀਕਾ 'ਤੇ ਇਕਪਾਸੜ ਕਾਰਵਾਈ ਦਾ ਦੋਸ਼ ਲਗਾਇਆ ਹੈ, ਜਦਕਿ ਯੂਰਪੀ ਦੇਸ਼ ਇਸ ਸੰਕਟ ਨੂੰ ਸੁਲਝਾਉਣ ਲਈ ਵਿਚੋਲਗੀ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਪਰ ਅਸਲੀਅਤ ਇਹ ਹੈ ਕਿ ਕੂਟਨੀਤੀ ਦੀ ਥਾਂ ਹੁਣ ਹਥਿਆਰਾਂ ਨੇ ਲੈ ਲਈ ਹੈ। ਜਹਾਜ਼ਰਾਨੀ ਦੀ ਆਜ਼ਾਦੀ (Freedom of Navigation), ਜੋ ਕਿ ਕੌਮਾਂਤਰੀ ਸਮੁੰਦਰੀ ਕਾਨੂੰਨ ਦਾ ਮੂਲ ਆਧਾਰ ਹੈ, ਅੱਜ ਪੂਰੀ ਤਰ੍ਹਾਂ ਦਮ ਤੋੜ ਚੁੱਕੀ ਹੈ। ਕੋਈ ਵੀ ਵਪਾਰਕ ਜਹਾਜ਼ ਹੁਣ ਇਸ ਖੇਤਰ ਵਿੱਚ ਆਪਣੀ ਸੁਰੱਖਿਆ ਦੀ ਗਾਰੰਟੀ ਨਹੀਂ ਲੈ ਸਕਦਾ।

**ਭਵਿੱਖ ਦੀਆਂ ਚੁਣੌਤੀਆਂ; ਕੀ ਦੁਨੀਆ ਇੱਕ ਵੱਡੀ ਜੰਗ ਵੱਲ ਵਧ ਰਹੀ ਹੈ ?** : ਜੇਕਰ ਇਹ ਨਾਕਾਬੰਦੀ ਅਤੇ ਤਣਾਅ ਇਸੇ ਤਰ੍ਹਾਂ ਜਾਰੀ ਰਿਹਾ, ਤਾਂ ਇਸ ਦੇ ਨਤੀਜੇ ਸਿਰਫ਼ ਆਰਥਿਕ ਨਹੀਂ ਹੋਣਗੇ। ਇਹ ਸੰਕਟ ਇੱਕ ਪੂਰਨ ਖੇਤਰੀ ਜੰਗ ਵਿੱਚ ਬਦਲ ਸਕਦਾ ਹੈ ਜਿਸ ਵਿੱਚ ਸਾਊਦੀ ਅਰਬ, ਇਸਰਾਈਲ ਅਤੇ ਹੋਰ ਖਾੜੀ ਦੇਸ਼ ਸਿੱਧੇ ਤੌਰ 'ਤੇ ਸ਼ਾਮਲ ਹੋ ਸਕਦੇ ਹਨ। ਇਸ ਤੋਂ ਇਲਾਵਾ, 20,000+ ਮਲਾਹਾਂ ਦੀ ਜਾਨ ਦਾ ਜੋਖਮ ਵਿਸ਼ਵ ਪੱਧਰ 'ਤੇ ਇੱਕ ਵੱਡਾ ਮਨੁੱਖੀ ਅਧਿਕਾਰ ਮੁੱਦਾ ਬਣ ਕੇ ਉੱਭਰੇਗਾ। ਦੁਨੀਆ ਨੂੰ ਹੁਣ ਇਹ ਸਮਝਣ ਦੀ ਲੋੜ ਹੈ ਕਿ ਸਮੁੰਦਰੀ ਰਸਤੇ ਕਿਸੇ ਇੱਕ ਦੇਸ਼ ਦੀ ਜਾਇਦਾਦ ਨਹੀਂ ਹਨ, ਸਗੋਂ ਇਹ ਮਨੁੱਖਤਾ ਦੀ ਸਾਂਝੀ ਵਿਰਾਸਤ ਹਨ। ਜੇਕਰ ਅੱਜ ਸਟਰੇਟ ਆਫ ਹੋਰਮੁਜ਼ ਬੰਦ ਹੁੰਦਾ ਹੈ, ਤਾਂ ਕੱਲ੍ਹ ਨੂੰ ਮਲੱਕਾ ਸਟਰੇਟ ਜਾਂ ਸੁਏਜ਼ ਨਹਿਰ 'ਤੇ ਵੀ ਅਜਿਹਾ ਸੰਕਟ ਆ ਸਕਦਾ ਹੈ।

**ਇੱਕ ਨਵੀਂ ਵਿਸ਼ਵ ਵਿਵਸਥਾ ਦੀ ਲੋੜ** : ਸਟਰੇਟ ਆਫ ਹੋਰਮੁਜ਼ ਦਾ ਮੌਜੂਦਾ ਸੰਕਟ ਸਿਰਫ਼ ਤੇਲ ਅਤੇ ਗੈਸ ਦੀ ਲੜਾਈ ਨਹੀਂ ਹੈ, ਸਗੋਂ ਇਹ ਮਨੁੱਖੀ ਜਾਨਾਂ ਦੀ ਕੀਮਤ ਅਤੇ ਵਿਸ਼ਵ ਨੇਤਾਵਾਂ ਦੀ ਜ਼ਿੰਮੇਵਾਰੀ ਦਾ ਸਵਾਲ ਹੈ। 10 ਮਲਾਹਾਂ ਦੀ ਮੌਤ ਅਤੇ 20,000+ ਲੋਕਾਂ ਦਾ ਫਸਣਾ ਸਾਡੀ ਸਭਿਅਤਾ 'ਤੇ ਇੱਕ ਕਲੰਕ ਹੈ। ਇਹ ਜ਼ਰੂਰੀ ਹੈ ਕਿ: ਅਮਰੀਕਾ ਅਤੇ ਈਰਾਨ ਤੁਰੰਤ ਗੱਲਬਾਤ ਦੀ ਮੇਜ਼ 'ਤੇ ਵਾਪਸ ਆਉਣ। ਫਸੇ ਹੋਏ ਮਲਾਹਾਂ ਲਈ ਇੱਕ 'ਸੁਰੱਖਿਅਤ ਮਾਨਵੀ ਲਾਂਘਾ' (Humanitarian Corridor) ਬਣਾਇਆ ਜਾਵੇ। ਵਿਸ਼ਵ ਸ਼ਕਤੀਆਂ ਸਮੁੰਦਰੀ ਵਪਾਰ ਦੀ ਸੁਰੱਖਿਆ ਲਈ ਇੱਕ ਨਵਾਂ ਕੌਮਾਂਤਰੀ ਸਮਝੌਤਾ ਕਰਨ। ਸ਼ਾਂਤੀ ਹੀ ਇੱਕੋ-ਇੱਕ ਰਸਤਾ ਹੈ ਜੋ ਦੁਨੀਆ ਨੂੰ ਇਸ ਆਰਥਿਕ ਅਤੇ ਮਾਨਵੀ ਤਬਾਹੀ ਤੋਂ ਬਚਾ ਸਕਦਾ ਹੈ। ਜੇਕਰ ਅਸੀਂ ਅੱਜ ਨਾ ਸੰਭਲੇ, ਤਾਂ ਇਤਿਹਾਸ ਸਾਨੂੰ ਕਦੇ ਮੁਆਫ਼ ਨਹੀਂ ਕਰੇਗਾ।

रजिस्ट्री सं. डी.एल.-33004/99 Regd. No. D.L.-33004/99

सत्यमेव जयते

# भारत का राजपत्र
# The Gazette of India

सी.जी.-डी.एल.-अ.-24042026-272054
CG-DL-E-24042026-272054

**असाधारण**
**EXTRAORDINARY**
भाग II—खण्ड 3—उप-खण्ड (ii)
Part II-Section 3-Sub-section (ii)
**प्राधिकार से प्रकाशित**
**PUBLISHED BY AUTHORITY**

सं. 1982] नई दिल्ली, बृहस्पतिवार, अप्रैल 23, 2026 ⁄ बैशाख 3, 1948
No. 1982] NEW DELHI, THURSDAY, APRIL 23, 2026/VAISAKHA 3, 1948

## रेल मंत्रालय

[(उत्तर रेलवे (निर्माण संगठन)]

## अधिसूचना

**नई दिल्ली, 23 अप्रैल, 2026**

**का.आ. 2055(अ).**—केन्द्रीय सरकार, रेलवे अधिनियम, 1989 (1989 का 24) (जिसे इसके पश्चात उक्त अधिनियम कहा गया है) की धारा 20 क की उपधारा (1) द्वारा प्रदत्त शक्तियों का प्रयोग करते हुए, केंद्र सरकार, इस बात से संतुष्ट होने के पश्चात कि लोक प्रयोजन हेतु, वह भूमि, जिसका संक्षिप्त विवरण उपाबद्ध अनुसूची में दिया गया है, विशेष रेलवे परियोजना अधिसूचना संख्या S.O. 4854(E) दिनांक 24 अक्टूबर 2025, अर्थात् **राजपुरा-मोहाली नई रेल लाइन (18.11 कि.मी.)** (उत्तरी रेलवे), जिला साहिबजादा अजीत सिंह नगर, पंजाब राज्य में, के निष्पादन हेतु आवश्यक है, एतद्द्वारा उक्त भूमि के अधिग्रहण का अपना अभिप्राय घोषित करती है।

उक्त भूमि में रुचि रखने वाला कोई भी व्यक्ति, इस अधिसूचना के राजपत्र में प्रकाशन की तिथि से 30 दिनों की अवधि के भीतर, उक्त उद्देश्य हेतु भूमि के अधिग्रहण के विरुद्ध, उक्त अधिनियम की धारा 20डी के अंतर्गत आपत्ति प्रस्तुत कर सकता है।

**प्रत्येक आपत्ति सक्षम प्राधिकारी, अर्थात् उप-मंडल दंडाधिकारी, बनुड, जिला-साहिबजादा अजीत सिंह नगर, पंजाब,** को लिखित रूप में प्रस्तुत की जाएगी तथा उसमें आपत्ति के आधार स्पष्ट रूप से उल्लेखित होंगे। सक्षम प्राधिकारी आपत्तिकर्ता को, व्यक्तिगत रूप से अथवा विधिक अभिकर्ता के माध्यम से, सुनवाई का अवसर प्रदान करेगा तथा सभी आपत्तियों की सुनवाई करने एवं आवश्यक समझे जाने पर अतिरिक्त जांच करने के पश्चात, आदेश द्वारा आपत्ति को स्वीकार या अस्वीकार कर सकेगा।

उक्त अधिनियम की धारा 20 डी की उपधारा (2) के अंतर्गत सक्षम प्राधिकारी द्वारा पारित किया गया कोई भी आदेश अंतिम होगा। इस अधिसूचना के अंतर्गत आने वाली भूमि के नक्शे एवं अन्य विवरण सक्षम प्राधिकारी के उपर्युक्त कार्यालय में उपलब्ध हैं तथा इच्छुक व्यक्ति द्वारा उनका निरीक्षण किया जा सकता है।


### अनुसूची

**पंजाब राज्य के साहिबजादा अजीत सिंह नगर, जिला में राजपुरा-मोहाली नई रेलवे लाइन (18.11 कि०मी०), उत्तर रेलवे के लिए, संरचना के साथ या बिना अर्जन की जाने वाली भूमि का संक्षिप्त विवरण।**

| .क्र स. | जिला | तहसील/ उप तहसील | गाँव | खसरा संख्या | भूमि का प्रकार | भूमि की प्रकृति | भूमि अर्जन का क्षेत्रफल | |
|---|---|---|---|---|---|---|---|---|
| | | | | | | | बिस्वा | हेक्टेयर |
| 1 | साहिबजादा अजीत सिंह नगर | बनुड | तसुली (273) | 636 | चाही | निजी | 12 | 0.0506 |
| 2 | साहिबजादा अजीत सिंह नगर | बनुड | तसुली (273) | 632 | चाही | निजी | 19 | 0.0801 |
| 3 | साहिबजादा अजीत सिंह नगर | बनुड | तसुली (273) | 633 | चाही | निजी | 88 | 0.3709 |
| 4 | साहिबजादा अजीत सिंह नगर | बनुड | तसुली (273) | 635 | चाही | निजी | 57 | 0.2403 |
| 5 | साहिबजादा अजीत सिंह नगर | बनुड | तसुली (273) | 647 | गैर मुमकिन, चाही | निजी | 6 | 0.0253 |
| 6 | साहिबजादा अजीत सिंह नगर | बनुड | तसुली (273) | 630 | गैर मुमकिन, चाही | निजी | 48 | 0.2023 |
| 7 | साहिबजादा अजीत सिंह नगर | बनुड | तसुली (273) | 629 | चाही | निजी | 80 | 0.3372 |
| 8 | साहिबजादा अजीत सिंह नगर | बनुड | तसुली (273) | 634 | चाही | निजी | 51 | 0.2150 |
| 9 | साहिबजादा अजीत सिंह नगर | बनुड | तसुली (273) | 648 | चाही | निजी | 29 | 0.1222 |
| 10 | साहिबजादा अजीत सिंह नगर | बनुड | तसुली (273) | 625 | चाही | निजी | 17 | 0.0717 |
| 11 | साहिबजादा अजीत सिंह नगर | बनुड | तसुली (273) | 1513/ 661/1 | चाही | निजी | 18 | 0.0759 |
| 12 | साहिबजादा अजीत सिंह नगर | बनुड | तसुली (273) | 1514/ 661/2 | चाही | निजी | 62 | 0.2613 |
| 13 | साहिबजादा अजीत सिंह नगर | बनुड | तसुली (273) | 659/1-2 | गैर मुमकिन | निजी | 5 | 0.0211 |
| 14 | साहिबजादा अजीत सिंह नगर | बनुड | तसुली (273) | 1511/ 660/1 | चाही | निजी | 57 | 0.2403 |
| 15 | साहिबजादा अजीत सिंह नगर | बनुड | तसुली (273) | 1511/ 660/2 | चाही | निजी | 18 | 0.0759 |
| 16 | साहिबजादा अजीत सिंह नगर | बनुड | तसुली (273) | 658 | चाही | निजी | 40 | 0.1686 |
| 17 | साहिबजादा अजीत सिंह नगर | बनुड | तसुली (273) | 651 | गैर मुमकिन | राजकीय | 9 | 0.0379 |
| 18 | साहिबजादा अजीत सिंह नगर | बनुड | तसुली (273) | 624 | गैर मुमकिन | राजकीय | 20 | 0.0843 |
| 19 | साहिबजादा अजीत सिंह नगर | बनुड | तसुली (273) | 649 | चाही | निजी | 74 | 0.3119 |
| 20 | साहिबजादा अजीत सिंह नगर | बनुड | तसुली (273) | 628 | चाही | निजी | 63 | 0.2655 |
| 21 | साहिबजादा अजीत सिंह नगर | बनुड | तसुली (273) | 626 | चाही | निजी | 15 | 0.0632 |
| 22 | साहिबजादा अजीत सिंह नगर | बनुड | तसुली (273) | 627 | चाही | निजी | 1 | 0.0042 |
| 23 | साहिबजादा अजीत सिंह नगर | बनुड | तसुली (273) | 687 | चाही | निजी | 11 | 0.0464 |
| 24 | साहिबजादा अजीत सिंह नगर | बनुड | तसुली (273) | 1507-1508/655 | चाही | निजी | 80 | 0.3372 |
| 25 | साहिबजादा अजीत सिंह नगर | बनुड | तसुली (273) | 656/1 | चाही | निजी | 40 | 0.1686 |
| 26 | साहिबजादा अजीत सिंह नगर | बनुड | तसुली (273) | 656/2 | चाही | निजी | 40 | 0.1686 |
| 27 | साहिबजादा अजीत सिंह नगर | बनुड | तसुली (273) | 657 | चाही | निजी | 76 | 0.3203 |
| 28 | साहिबजादा अजीत सिंह नगर | बनुड | तसुली (273) | 650 | चाही | निजी | 27 | 0.1138 |
| 29 | साहिबजादा अजीत सिंह नगर | बनुड | तसुली (273) | 690 | चाही | निजी | 7 | 0.0295 |
| 30 | साहिबजादा अजीत सिंह नगर | बनुड | तसुली (273) | 689 | चाही | निजी | 77 | 0.3246 |
| 31 | साहिबजादा अजीत सिंह नगर | बनुड | तसुली (273) | 688 | चाही | निजी | 80 | 0.3372 |
| 32 | साहिबजादा अजीत सिंह नगर | बनुड | तसुली (273) | 1505/654/1 | चाही | निजी | 40 | 0.1686 |
| 33 | साहिबजादा अजीत सिंह नगर | बनुड | तसुली (273) | 1506/654/2 | चाही | निजी | 40 | 0.1686 |
| 34 | साहिबजादा अजीत सिंह नगर | बनुड | तसुली (273) | 653 | चाही | निजी | 8 | 0.0337 |
